ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 22* Issue 124 | Wednesday, June 28, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਲਾਪਤਾ ਜੌੜੀਆਂ ਬੱਚੀਆਂ ਲਈ ਜਾਰੀ ਐਂਬਰ ਐਲਰਟ ਕੀਤਾ ਗਿਆ ਖ਼ਤਮ



ਮਾਂਟਰੀਅਲ, 27 ਜੂਨ (ਪੋਸਟ ਬਿਊਰੋ) : ਮਾਂਟਰੀਅਲ ਵਿੱਚ 6 ਸਾਲਾ ਜੌੜੀਆਂ ਬੱਚੀਆਂ ਲਈ ਜਾਰੀ ਐਂਬਰ ਐਲਰਟ ਨੂੰ ਖ਼ਤਮ ਕਰ ਦਿੱਤਾ ਗਿਆ ਹੈ।

ਮੰਗਲਵਾਰ ਸ਼ਾਮ ਨੂੰ ਮਾਂਟਰੀਅਲ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਦੋ ਬੱਚੀਆਂ, ਜਿਨ੍ਹਾਂ ਦੀ ਉਮਰ ਛੇ ਸਾਲ ਹੈ, ਤੇ ਉਨ੍ਹਾਂ ਦੀ ਮਾਂ ਸੇਂਟ ਐਲੈਕਸਿਸ ਡੈਸ ਮੌਂਟਸ, ਕਿਉਬਿਕ ਵਿੱਚ ਸਹੀ ਸਲਾਮਤ ਮਿਲ ਗਈਆਂ। ਇਹ ਥਾਂ ਮਾਂਟਰੀਅਲ ਦੇ ਉੱਤਰ ਵੱਲ 140 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਮੰਗਲਵਾਰ ਰਾਤ ਨੂੰ ਪੁਲਿਸ ਅਧਿਕਾਰੀਆਂ ਵੱਲੋਂ ਬੱਚੀਆਂ ਦੀ ਮਾਂ ਤੋਂ ਸਵਾਲ ਪੁੱਛੇ ਜਾਣਗੇ। ਪੁਲਿਸ ਵੱਲੋਂ ਇਸ ਸਬੰਧ ਵਿੱਚ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

## ਰੂਸ ਵਿਚ ਹੋਈ ਬਗਾਵਤ ਉਨ੍ਹਾਂ ਦਾ ਅੰਦਰੂਨੀ ਮਾਮਲਾ : ਟਰੂਡੋ



ਓਟਵਾ, 27 ਜੂਨ (ਪੋਸਟ ਬਿਊਰੋ) : ਇੰਤਹਾਪਸੰਦ ਆਗੂ ਵੱਲੋਂ ਵੀਕੈਂਡ ਉੱਤੇ ਰੂਸ ਵਿੱਚ ਕੀਤੀ ਗਈ ਬਗਾਵਤ ਦੇ ਮਾਮਲੇ ਉੱਤੇ ਕੈਨੇਡਾ ਵੱਲੋਂ ਬਾਰੀਕੀ ਨਾਲ ਨਜ਼ਰ ਰੱਖੀ ਜਾ ਰਹੀ ਹੈ। ਇਹ ਜਾਣਕਾਰੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸੋਮਵਾਰ ਨੂੰ ਦਿੱਤੀ ਗਈ। ਉਨ੍ਹਾਂ ਆਖਿਆ ਕਿ ਰੂਸੀ ਪ੍ਰਚਾਰ ਨੂੰ ਹਵਾ ਦੇਣ ਦੀ ਥਾਂ ਇਸ ਸਥਿਤੀ ਨੂੰ ਅਣਗੌਲਿਆਂ ਕਰਨ ਵਿੱਚ ਹੀ ਭਲਾਈ ਹੈ ਤੇ ਇਸ ਲਈ ਸਾਨੂੰ ਪੂਰੀ ਅਹਿਤਿਆਤ ਤੋਂ ਕੰਮ ਲੈਣ ਦੀ ਲੋੜ ਹੈ।

ਇਹ ਬਗਾਵਤ ਸ਼ਨਿੱਚਰਵਾਰ ਨੂੰ ਇੰਤਹਾਪਸੰਦ ਅਰਧਸੈਨਿਕ ਆਰਗੇਨਾਈਜ਼ੇਸ਼ਨ, ਜਿਸ ਨੂੰ ਵੈਗਨਰ ਗਰੁੱਪ ਵੀ ਆਖਿਆ ਜਾਂਦਾ ਹੈ, ਦੇ ਆਗੂ ਯੇਵਗੇਨੀ ਪ੍ਰਿਗੋਜ਼ਿੰਨ ਦੀ ਅਗਵਾਈ ਵਿੱਚ ਕੀਤੀ ਗਈ। ਇਹ ਬਗਾਵਤ ਉਸ ਸਮੇਂ ਹੋਈ ਜਦੋਂ ਉੱਤਰੀ ਯੂਰਪ ਦੇ ਆਗੂ ਆਈਸਲੈਂਡ ਵਿੱਚ ਦੋ ਰੋਜ਼ਾ ਸਿਖਰ ਵਾਰਤਾ ਲਈ ਇੱਕਠੇ ਹੋਏ ਸਨ। ਇਸ ਵਿੱਚ ਟਰੂਡੋ ਵੱਲੋਂ ਵੀ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ ਸੀ। ਉਹ ਸੋਮਵਾਰ ਰਾਤ ਨੂੰ ਆਈਸਲੈਂਡ ਤੋਂ ਕੈਨੇਡਾ ਪਰਤੇ।

ਸੋਮਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਰੂਸ ਵਿੱਚ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਹੁੰਦਿਆਂ ਇਸ ਤਰ੍ਹਾਂ ਦੀ ਬਗਾਵਤ ਹੋਣਾ, ਰੂਸ ਦਾ ਅੰਦਰੂਨੀ ਮਾਮਲਾ ਹੈ ਤੇ ਉਸ ਨੂੰ ਆਪ ਹੀ ਇਸ ਨਾਲ ਨਜਿੱਠਣਾ ਹੋਵੇਗਾ। ਉਨ੍ਹਾਂ ਇੱਕ ਵਾਰੀ ਫਿਰ ਯੂਕਰੇਨ ਦੇ ਸਮਰਥਨ ਦਾ ਆਪਣਾ ਤਹੱਈਆ ਦੁਹਰਾਇਆ। ਟਰੂਡੋ ਨੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਤੇ ਯੂਕਰੇਨ ਦੇ ਪ੍ਰੈਜ਼ੀਡੈਂਟ ਵੋਲੋਦੀਮੀਰ ਜ਼ੈਲੈਂਸਕੀ ਨਾਲ ਵੀ ਐਤਵਾਰ ਨੂੰ ਗੱਲਬਾਤ ਕੀਤੀ।

ਬਾਇਡਨ ਨੇ ਆਖਿਆ ਕਿ ਉਹ ਵੀ ਇਸ ਮੁੱਦੇ ਉੱਤੇ ਜਨਤਕ ਤੌਰ ਉੱਤੇ ਕੋਈ ਬਿਆਨ ਨਹੀਂ ਦੇਣਾ ਚਾਹੁੰਦੇ ਕਿਉਂਕਿ ਉਹ ਨਹੀਂ ਚਾਹੁੰਦੇ ਕਿ ਇਸ ਬਗਾਵਤ ਨੂੰ ਸ਼ਹਿ ਦੇਣ ਦੇ ਦੋਸ਼ ਵੈਸਟ ਤੇ ਨਾਟੋ ਉੱਤੇ ਲਾਏ ਜਾਣ। ਉਨ੍ਹਾਂ ਇਹ ਗੱਲ ਵੀ ਜ਼ੋਰ ਦੇ ਕੇ ਆਖੀ ਕਿ ਇਸ ਬਗਾਵਤ ਵਿੱਚ ਅਮਰੀਕਾ ਤੇ ਇਸ ਦੇ ਫੌਜੀ ਭਾਈਵਾਲਾਂ ਦੀ ਕੋਈ ਭੂਮਿਕਾ ਨਹੀਂ ਰਹੀ।

## ਵਿਦੇਸ਼ੀ ਵਰਕਰਜ਼ ਨੂੰ ਆਕਰਸ਼ਿਤ ਕਰਨ ਲਈ ਸਰਕਾਰ ਨੇ ਨਵੇਂ ਡਿਜੀਟਲ ਨੋਮੈਡ ਪ੍ਰੋਗਰਾਮ ਦਾ ਕੀਤਾ ਐਲਾਨ



ਓਟਵਾ, 27 ਜੂਨ (ਪੋਸਟ ਬਿਊਰੋ) : ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਵੱਲੋਂ ਡਿਜੀਟਲ ਟੇਲੈਂਟ ਨੂੰ ਕੈਨੇਡਾ ਆਕਰਸ਼ਿਤ ਕਰਨ ਲਈ ਨਵੀਂ ਰਣਨੀਤੀ ਪੇਸ਼ ਕੀਤੀ ਗਈ ਹੈ। ਇਸ ਵਿੱਚ ਡਿਜੀਟਲ ਨੋਮੈਡ ਪ੍ਰੋਗਰਾਮ ਨੂੰ ਸ਼ਾਮਲ ਕੀਤਾ ਗਿਆ ਹੈ, ਜਿਹੜਾ ਵਿਦੇਸ਼ੀਆਂ ਨੂੰ ਕੈਨੇਡਾ ਵਿੱਚ ਰਹਿ ਕੇ ਕੰਮ ਕਰਨ ਦੀ ਖੁੱਲ੍ਹ ਦੇਵੇਗਾ।

ਮੰਗਲਵਾਰ ਨੂੰ ਟੋਰਾਂਟੋ ਵਿੱਚ ਕੌਲੀਜ਼ਨ ਕਾਨਫਰੰਸ ਵਿਖੇ ਸਪੈਸ਼ਲ ਐਲਾਨ ਕਰਦਿਆਂ ਫਰੇਜ਼ਰ ਨੇ ਆਖਿਆ ਕਿ ਡਿਜੀਟਲ ਨੋਮੈਡ ਰਣਨੀਤੀ ਤਹਿਤ ਵਿਦੇਸ਼ੀ ਇੰਪਲੌਇਰ ਨਾਲ ਕੰਮ ਕਰ ਰਹੇ ਲੋਕਾਂ ਨੂੰ ਛੇ ਮਹੀਨਿਆਂ ਲਈ ਕੈਨੇਡਾ ਵਿੱਚ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਫਰੇਜ਼ਰ ਨੇ ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਆਖਿਆ ਕਿ ਇੱਥੇ ਰਹਿੰਦਿਆਂ ਜੇ ਇਨ੍ਹਾਂ ਲੋਕਾਂ ਨੂੰ ਜੌਬ ਆਫਰ ਹੁੰਦੀ ਹੈ ਤਾਂ ਅਸੀਂ ਉਨ੍ਹਾਂ ਨੂੰ ਕੈਨੇਡਾ ਵਿੱਚ ਰਹਿ ਕੇ ਕੰਮ ਕਰਨਾ ਜਾਰੀ ਰੱਖਣ ਦੀ ਖੁੱਲ੍ਹ ਦੇਵਾਂਗੇ।

ਜ਼ਿਕਰਯੋਗ ਹੈ ਕਿ ਪਹਿਲਾਂ ਤੋਂ ਹੀ ਇੱਕ ਅਜਿਹਾ ਪ੍ਰੋਗਰਾਮ ਹੈ ਜਿਸ ਤਹਿਤ ਵਿਦੇਸ਼ੀਆਂ ਨੂੰ ਆਪਣੇ ਜੌਬ ਆਫਰ ਨੂੰ ਕੈਨੇਡੀਅਨ ਵਰਕ ਪਰਮਿਟ ਵਿੱਚ ਤਬਦੀਲ ਕਰਨ ਦੀ ਖੁੱਲ੍ਹ ਹੈ। ਪਰ ਫਰੇਜ਼ਰ ਨੇ ਆਖਿਆ ਕਿ ਡਿਜੀਟਲ ਨੋਮੈਡ ਰਣਨੀਤੀ ਤਹਿਤ ਵਿਦੇਸ਼ੀ ਇੰਪਲੌਇਰ ਲਈ ਕੰਮ ਕਰ ਰਹੇ ਟੈਕ ਵਰਕਰ ਨੂੰ ਕੈਨੇਡਾ ਪਹੁੰਚ ਕੇ ਉਸੇ ਇੰਪਲੌਇਰ ਲਈ ਕੰਮ ਕਰਨਾ ਜਾਰੀ ਰੱਖਣ ਦੀ ਖੁੱਲ੍ਹ ਮਿਲੇਗੀ।

ਫਰੇਜ਼ਰ ਨੇ ਆਖਿਆ ਕਿ ਅਜੇ ਇਹ ਤੈਅ ਨਹੀਂ ਕੀਤਾ ਗਿਆ ਹੈ ਕਿ ਕਿੰਨੇ ਲੋਕ ਇਸ ਪ੍ਰੋਗਰਾਮ ਦਾ ਲਾਹਾ ਲੈ ਸਕਣਗੇ। ਉਨ੍ਹਾਂ ਇਹ ਵੀ ਆਖਿਆ ਕਿ ਇਹ ਪ੍ਰੋਗਰਾਮ ਮੰਗ ਦੇ ਆਧਾਰ ਉੱਤੇ ਚਲਾਇਆ ਜਾਵੇਗਾ ਨਾ ਕਿ ਸਰਕਾਰ ਵੱਲੋਂ ਤੈਅ ਕੀਤੀ ਗਈ ਕਿਸੇ ਬਣਾਉਟੀ ਲਿਮਿਟ ਤੱਕ ਇਸ ਨੂੰ ਚਲਾਇਆ ਜਾਵੇਗਾ। ਇਸ ਤੋਂ ਇਲਾਵਾ ਫਰੇਜ਼ਰ ਵੱਲੋਂ ਕੈਨੇਡਾ ਦੇ ਵੀਜ਼ਾ ਪ੍ਰੋਗਰਾਮ ਲਈ ਸਪੇਸਿਜ਼ ਦੀ ਗਿਣਤੀ, ਜੋ ਕਿ ਪਹਿਲਾਂ ਇੱਕ ਸਾਲ ਵਿੱਚ 1000 ਸਪੇਸਿਜ਼ ਸੀ, ਨੂੰ ਵਧਾ ਕੇ 3500 ਕਰ ਦਿੱਤਾ ਗਿਆ ਹੈ। ਇਸ ਨਾਲ ਕੰਪਨੀਆਂ ਕਾਇਮ ਕਰਨ ਵਾਲੇ ਕਾਰੋਬਾਰੀਆਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਹਾਸਲ ਕਰਨ ਦਾ ਰਾਹ ਲੱਭ ਜਾਵੇਗਾ। ਇਹ ਕੰਪਨੀਆਂ ਅਗਾਂਹ ਚੱਲ ਕੇ ਕੈਨੇਡੀਅਨਜ਼ ਨੂੰ ਨੌਕਰੀਆਂ ਦੇਣਗੀਆਂ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

$3199 $5299* $1699
SUPER! SAVINGS FOR SUPER DADS
5.2 CU FT. CAPACITY (AI WASH)
7.4 CU FT. CAPACITY (REVERSIBLE DOOR)
CAFÉ KitchenAid moffat MAYTAG LG SAMSUNG Electrolux JENNAIR BOSCH Whirlpool
5781 Highway 7 Unit 10 Vaughan, ON L4L 1T8 (416) 477-5556 | 44 Fasken Dr, #2-9 Etobicoke, ON M9W 5M8 (416) 792-0877 | Unit #1, 241 Clarence St Brampton, On L6W 3E7 (416) 551-3343 | Unit #4 -1540 Fanshawe Park Road West London, On N6H 5L8 (519) 641-1010 | Unit #6 – 410 Lewis Road Stoney Creek, On L8E 5Y7 (905) 643-0818 | 1050 Speers Road Oakville, On L6L 2X4 (416) 613-0555
416-551-5553 WWW.OURRHOMEAPPLIANCES.COM

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213 www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca topinsuranceservices.ca

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# ਕੁੱਝ ਹੱਥਾਂ ਵਿੱਚ ਖੇਡ ਰਹੀ ਹੈ ਕੈਨੇਡਾ ਦੀ ਗਰੌਸਰੀ ਇੰਡਸਟਰੀ : ਕੰਪੀਟੀਸ਼ਨ ਬਿਊਰੋ

ਓਟਵਾ, 27 ਜੂਨ (ਪੋਸਟ ਬਿਊਰੋ) : ਕੈਨੇਡਾ ਦੇ ਕੰਪੀਟੀਸ਼ਨ ਬਿਊਰੋ ਵੱਲੋਂ ਜਾਰੀ ਕੀਤੀ ਗਈ ਤਾਜ਼ਾ ਰਿਪੋਰਟ ਅਨੁਸਾਰ ਕੈਨੇਡਾ ਦਾ ਗਰੌਸਰੀ ਬਿਜ਼ਨਸ ਚੁਣਿੰਦਾ ਖਿਡਾਰੀਆਂ ਦੇ ਹੱਥ ਹੈ। ਨਵੀਆਂ ਕੰਪਨੀਆਂ ਨੂੰ ਮਾਰਕਿਟ ਵਿੱਚ ਪੈਰ ਜਮਾਉਣ ਦੇਣ ਲਈ ਹੱਲਾਸ਼ੇਰੀ ਦੇਣ ਤੇ ਗਰੌਸਰੀ ਦੀਆਂ ਕੀਮਤਾਂ ਥੱਲੇ ਲਿਆਉਣ ਲਈ ਸਰਕਾਰ ਦਾ ਦਖਲ ਦੇਣਾ ਬੇਹੱਦ ਜ਼ਰੂਰੀ ਹੈ।

ਮੰਗਲਵਾਰ ਨੂੰ ਪ੍ਰਕਾਸ਼ਿਤ ਹੋਈ ਇਹ ਰਿਪੋਰਟ, ਕੈਨੇਡਾ ਦੇ ਉੱਘੇ ਕੰਪੀਟੀਸ਼ਨ ਵਾਚਡੌਗ ਵੱਲੋਂ ਪਿਛਲੇ ਸਾਲ ਸ਼ੁਰੂ ਕੀਤੀ ਗਈ ਸੀ ਤੇ ਉਸ ਸਮੇਂ ਫੂਡ ਦੀਆਂ ਕੀਮਤਾਂ ਆਸਮਾਨ ਛੋਹ ਰਹੀਆਂ ਸਨ। ਕੈਨੇਡਾ ਦੇ ਗਰੌਸਰੀ ਬਿਜ਼ਨਸ ਦੇ ਕਈ ਪੱਖਾਂ ਦੀ ਜਾਂਚ ਲਈ ਬਿਊਰੋ ਵੱਲੋਂ ਕਈ ਮਹੀਨੇ ਗੁਜ਼ਾਰੇ ਗਏ। ਇਸ ਤੋਂ ਸਾਹਮਣੇ ਆਇਆ ਕਿ ਸਾਰੀ ਖੇਡ ਲੋਬਲਾਅਜ਼, ਮੈਟਰੋ ਤੇ ਸੋਬੇਅਜ਼ ਦੇ ਮਾਲਕ ਐਂਪਾਇਰ ਦੇ ਹੱਥਾਂ ਵਿੱਚ ਚੱਲਦੀ ਹੈ। ਇਸ ਦੇ ਨਾਲ ਹੀ ਵਾਲਮਾਰਟ ਤੇ ਕੌਸਕੋ ਵੀ ਇਸ ਵਿੱਚ ਬਰਾਬਰ ਦੇ ਭਾਈਵਾਲ ਹਨ।



ਰਿਪੋਰਟ ਵਿੱਚ ਬਿਊਰੋ ਨੇ ਪਾਇਆ ਕਿ ਇਸ ਇੰਡਸਟਰੀ ਵਿੱਚ ਓਨੀ ਮੁਕਾਬਲੇਬਾਜ਼ੀ ਨਹੀਂ ਹੈ ਜਿੰਨੀ ਹੋਣੀ ਚਾਹੀਦੀ ਹੈ ਤੇ ਇਸ ਦਾ ਖਮਿਆਜ਼ਾ ਖਪਤਕਾਰਾਂ ਨੂੰ ਭੁਗਤਣਾ ਪੈ ਰਿਹਾ ਹੈ। ਬਿਊਰੋ ਨੇ ਇਹ ਵੀ ਆਖਿਆ ਕਿ ਕੈਨੇਡਾ ਨੂੰ ਗਰੌਸਰੀ ਦੀਆਂ ਕੀਮਤਾਂ ਹੇਠਾਂ ਲਿਆਉਣ ਲਈ ਇਸ ਦਾ ਕੋਈ ਹੱਲ ਲੱਭਣਾ ਹੋਵੇਗਾ। ਇਸ ਦਾ ਸਪਸ਼ਟ ਜਵਾਬ ਮੁਕਾਬਲੇਬਾਜ਼ੀ ਵਿੱਚ ਵਾਧਾ ਕਰਨਾ ਹੈ। ਬਿਊਰੋ ਵੱਲੋਂ ਚਾਰ ਨੀਤੀਆਂ ਦੀ ਸਿਫਾਰਿਸ਼ ਕੀਤੀ ਗਈ :

- ਗਰੌਸਰੀ ਇਨੋਵੇਸ਼ਨ ਸਟਰੈਟੇਜੀ ਕਾਇਮ ਕਰਨ ਲਈ ਨਵੀਂ ਕਿਸਮ ਦੇ ਗਰੌਸਰੀ ਬਿਜ਼ਨਸ ਨੂੰ ਕਾਇਮ ਕਰਨ ਲਈ ਮਦਦ ਕਰਨ ਦੀ ਲੋੜ ਹੈ। ਖਾਸਤੌਰ ਉੱਤੇ ਜਿਹੜਾ ਆਨਲਾਈਨ ਗਰੌਸਰੀ ਕਾਰੋਬਾਰ ਚਲਾ ਸਕੇ।
- ਕੈਨੇਡਾ ਵਿੱਚ ਦੁਕਾਨਦਾਰੀ ਚਲਾਉਣ ਲਈ ਨਵੇਂ ਆਜ਼ਾਦਾਨਾ ਤੇ ਇੰਟਰਨੈਸ਼ਨਲ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਵਾਸਤੇ ਸਰਕਾਰ ਦੇ ਸਾਰੇ ਪੱਧਰਾਂ ਉੱਤੇ ਹੰਭਲਾ ਮਾਰਿਆ ਜਾਵੇ।
- ਕੀਮਤਾਂ ਨੂੰ ਸੰਤੁਲਿਤ ਕਰਨ ਲਈ ਬਿੱਲ ਲਿਆਂਦਾ ਜਾਵੇ, ਜਿਸ ਵਿੱਚ ਇਹ ਪ੍ਰਬੰਧ ਕੀਤਾ ਜਾਵੇ ਕਿ ਖਪਤਕਾਰ ਵੱਖ ਵੱਖ ਸ਼ਾਪਜ਼ ਵੱਲੋਂ ਦਿੱਤੀਆਂ ਜਾ ਰਹੀਆਂ ਡੀਲਜ਼ ਦਾ ਤੁਲਨਾਤਮਕ ਅਧਿਐਨ ਕਰ ਸਕਣ।
- ਪ੍ਰਾਪਰਟੀ ਨਿਯੰਤਰਣ ਨੂੰ ਸੀਮਤ ਕੀਤਾ ਜਾਵੇ, ਇਸ ਸਮੇਂ ਮੁਕਾਬਲੇ ਵਿੱਚ ਚੱਲ ਰਹੇ ਗਰੌਸਰਜ਼ ਵੱਲੋਂ ਰੀਅਲ ਅਸਟੇਟ ਦੀ ਮਦਦ ਨਾਲ ਨਵੇਂ ਸਟੋਰਜ਼ ਨੂੰ ਖੁੱਲ੍ਹਣ ਤੋਂ ਰੋਕਿਆ ਜਾਂਦਾ ਹੈ।

## ਅੱਜ ਨਾਮਾ

ਪੜ੍ਹਦੇ ਟਾਈਮ ਦਾ ਟੇਬਲ ਨਾ ਚੰਦ-ਸੂਰਜ,
ਕੁਦਰਤੀ ਰੰਗ ਦੇ ਨਾਲ ਹੀ ਵਹਿਣ ਮੀਆਂ।
ਕਤਾਰਾਂ ਤੋੜ ਕੇ ਮੂਹਰੇ ਨਹੀਂ ਕੋਈ ਲੱਗਦਾ,
ਨਾ ਤਰਤੀਬ ਤੋਂ ਪਿੱਛੇ ਕੋਈ ਰਹਿਣ ਮੀਆਂ।
ਆਉਂਦੀ ਕਦੀ ਜੇ ਖਬਰ ਤਾਂ ਗਲਤ ਹੁੰਦੀ,
ਆਪੋ ਵਿੱਚ ਕੋਈ ਲੱਗੇ ਸੀ ਖਹਿਣ ਮੀਆਂ।
ਕੋਲੋ-ਕੋਲ ਦੀ ਆਪਸ ਵਿੱਚ ਨਿਕਲ ਜਾਂਦੇ,
ਜਾਂਦਾ ਕੋਈ ਨਹੀਂ ਕਿਸੇ ਨੂੰ ਕਹਿਣ ਮੀਆਂ।
ਦਿੱਤਾ ਕੁਦਰਤ ਸੀ ਇੱਕ ਦਿਮਾਗ ਜਿਸ ਨੂੰ,
ਤੋੜਦਾ ਉਹੋ ਪਿਆ ਸਿਰਫ ਕਤਾਰ ਮੀਆਂ।
ਪਿੱਛੋਂ ਆਖਣਗੇ, ਪਤਾ ਨਹੀਂ ਹੋ ਗਿਆ ਕੀ,
ਹੋਇਆ ਉਹੋ,ਜੋ ਕਰੇ 'ਕਰਤਾਰ' ਮੀਆਂ।

**ਤੀਸ ਮਾਰ ਖਾਂ**

# ਮਾਂ ਦਾ ਕਤਲ ਕਰਨ ਵਾਲੇ 34 ਸਾਲਾ ਵਿਅਕਤੀ ਨੂੰ ਪੁਲਿਸ ਨੇ ਕੀਤਾ ਚਾਰਜ

ਹੈਮਿਲਟਨ, 27 ਜੂਨ (ਪੋਸਟ ਬਿਊਰੋ) : ਆਪਣੀ 62 ਸਾਲਾ ਮਾਂ ਦਾ ਕਤਲ ਕਰਨ ਦੇ ਸਬੰਧ ਵਿੱਚ ਹੈਮਿਲਟਨ ਪੁਲਿਸ ਵੱਲੋਂ ਇੱਕ 34 ਸਾਲਾ ਵਿਅਕਤੀ ਨੂੰ ਫਰਸਟ ਡਿਗਰੀ ਮਰਡਰ ਲਈ ਚਾਰਜ ਕੀਤਾ ਗਿਆ ਹੈ।



ਸੋਮਵਾਰ ਨੂੰ ਸ਼ਾਮੀਂ 5:00 ਵਜੇ ਹਾਈਵੇਅ 403 ਨੇੜੇ ਹਰਕਿਮਰ ਸਟਰੀਟ ਉੱਤੇ ਸਥਿਤ ਇੱਕ ਰਿਹਾਇਸ਼ੀ ਬਿਲਡਿੰਗ ਤੋਂ ਗੜਬੜੀ ਦੀਆਂ ਰਿਪੋਰਟਾਂ ਦੇ ਕੇ ਪੁਲਿਸ ਨੂੰ ਸੱਦਿਆ ਗਿਆ। ਮੌਕੇ ਉੱਤੇ ਪੁਲਿਸ ਅਧਿਕਾਰੀਆਂ ਨੂੰ ਇੱਕ ਮਹਿਲਾ ਬਿਨਾਂ ਸਾਹ ਸਤ ਦੇ ਮਿਲੀ ਤੇ ਉਸ ਨੂੰ ਫੌਰਨ ਹਸਪਤਾਲ ਲਿਜਾਇਆ ਗਿਆ। ਹਸਪਤਾਲ ਵਿੱਚ ਮਹਿਲਾ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਨੇ ਮ੍ਰਿਤਕ ਮਹਿਲਾ ਦੀ ਪਛਾਣ ਜੈਕਲੀਨ (ਜੈਕੀ) ਬਕਲ ਵਜੋਂ ਕੀਤੀ ਹੈ। ਪੁਲਿਸ ਵੱਲੋਂ ਇਸ ਮਹਿਲਾ ਦੇ ਲੜਕੇ ਡੈਰਿਲ ਬਕਲ ਨੂੰ ਫਰਸਟ ਡਿਗਰੀ ਮਰਡਰ ਲਈ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਨੂੰ ਮੰਗਲਵਾਰ ਸਵੇਰੇ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ। ਜਾਂਚਕਾਰਾਂ ਨੇ ਆਖਿਆ ਕਿ ਉਹ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕਰ ਰਹੇ। ਅਜੇ ਤੱਕ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲਾਇਆ ਜਾ ਸਕਿਆ ਹੈ।

ਪਰਿਵਾਰ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਜੈਕੀ ਸਿਟੀ ਆਫ ਹੈਮਿਲਟਨ ਵਿੱਚ ਪਿਛਲੇ 35 ਸਾਲਾਂ ਤੋਂ ਕੰਮ ਕਰਨ ਤੋਂ ਬਾਅਦ ਰਿਟਾਇਰ ਹੋ ਚੁੱਕੀ ਸੀ। ਪਤਨੀ, ਮਾਂ ਤੇ ਗ੍ਰੈਂਡਮਦਰ ਵਜੋਂ ਪਰਿਵਾਰ ਵਿੱਚ ਉਸ ਨੂੰ ਕਾਫੀ ਪਿਆਰ ਕੀਤਾ ਜਾਂਦਾ ਸੀ ਤੇ ਪਸੰਦ ਕੀਤਾ ਜਾਂਦਾ ਸੀ। ਉਸ ਦੇ ਦੋਸਤਾਂ ਤੇ ਸਹਿ ਵਰਕਰਜ਼ ਵੱਲੋਂ ਉਸ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ। ਇਲਾਕੇ ਵਿੱਚ ਵੱਡੀ ਗਿਣਤੀ ਵਿੱਚ ਪੁਲਿਸ ਮੌਜੂਦ ਸੀ।

# ਕਈ ਦਿਨਾਂ ਤੋਂ ਲਾਪਤਾ ਚਾਰ ਸਾਲਾ ਬੱਚੀ ਸਹੀ ਸਲਾਮਤ ਮਿਲੀ



ਸਕਾਰਬਰੋ, 27 ਜੂਨ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਨੇ 22 ਜੂਨ, ਦਿਨ ਵੀਰਵਾਰ ਤੋਂ ਲਾਪਤਾ ਇੱਕ ਚਾਰ ਸਾਲਾ ਬੱਚੇ ਨੂੰ ਸਹੀ ਸਲਾਮਤ ਲੱਭ ਲਿਆ ਹੈ। ਪੁਲਿਸ ਨੂੰ ਸੱਭ ਤੋਂ ਪਹਿਲਾਂ ਬੱਚੀ ਦੇ ਲਾਪਤਾ ਹੋਣ ਦੀ ਖਬਰ ਮੰਗਲਵਾਰ ਨੂੰ ਮਿਲੀ। ਇਹ ਦੱਸਿਆ ਗਿਆ ਕਿ ਬੱਚੀ ਵੀਰਵਾਰ ਤੋਂ ਮਾਰਖਮ ਰੋਡ ਤੇ ਐਗਲਿੰਟਨ ਐਵਨਿਊ ਈਸਟ ਏਰੀਆ ਤੋਂ ਸਵੇਰੇ 10:00 ਵਜੇ ਤੋਂ ਹੀ ਲਾਪਤਾ ਸੀ। ਪੁਲਿਸ ਦੇ ਬੁਲਾਰੇ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਰਾਤੀਂ 7:30 ਵਜੇ ਦੇ ਨੇੜੇ ਤੇੜੇ ਬੱਚੀ ਸਹੀ ਸਲਾਮਤ ਮਿਲ ਗਈ। ਡਿਊਟੀ ਇੰਸਪੈਕਟਰ ਪੀਟਰ ਵੈਹਬੀ ਨੇ ਆਖਿਆ ਕਿ ਸੋਮਵਾਰ ਨੂੰ ਇਸ ਇਲਾਕੇ ਵਿੱਚ ਅਚਾਨਕ ਹੋਈ ਮੌਤ ਕਾਰਨ ਉਨ੍ਹਾਂ ਨੂੰ ਸੱਦਿਆ ਗਿਆ। ਪੁਲਿਸ ਅਧਿਕਾਰੀਆਂ ਦੇ ਮੌਕੇ ਉੱਤੇ ਪਹੁੰਚਣ ਉੱਤੇ ਉਨ੍ਹਾਂ ਪਾਇਆ ਕਿ ਉਸ ਦੇ ਕਬਜੇ ਵਿੱਚ ਚਾਰ ਸਾਲਾ ਬੱਚੀ ਸੀ।

ਡਿਊਟੀ ਇੰਸਪੈਕਟਰ ਵੈਹਬੀ ਨੇ ਆਖਿਆ ਕਿ ਸੱਭ ਠੀਕ ਠਾਕ ਹੈ ਤੇ ਪਰਿਵਾਰ ਵੱਲੋਂ ਪ੍ਰਾਈਵੇਸੀ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਮੌਤ ਤੋਂ ਪਹਿਲਾਂ ਪੁਰਸ਼ ਨੂੰ ਠੀਕ ਮਹਿਸੂਸ ਨਹੀਂ ਸੀ ਹੋ ਰਿਹਾ ਇਸ ਲਈ ਉਸ ਨੇ ਆਪਣੀ ਬੱਚੀ ਆਪਣੇ ਪਰਿਵਾਰ ਦੇ ਹੀ ਕਿਸੇ ਜੀਅ ਹਵਾਲੇ ਕਰ ਦਿੱਤੀ ਤੇ ਉਸ ਦੀ ਸੰਭਾਲ ਕਰਨ ਲਈ ਆਖਿਆ। ਟੋਰਾਂਟੋ ਪੁਲਿਸ ਵੱਲੋਂ ਪ੍ਰੋਵਿੰਸ ਪੱਧਰ ਉੱਤੇ ਐਂਬਰ ਐਲਰਟ ਜਾਰੀ ਨਹੀਂ ਕੀਤਾ ਗਿਆ ਕਿਉਂਕਿ ਬੱਚੇ ਨੂੰ ਅਗਵਾ ਨਹੀਂ ਸੀ ਕੀਤਾ ਗਿਆ।





















# ਭਾਰਤੀ ਮੂਲ ਦੀ ਆਰਤੀ ਹੋਲਾ ਬਣੇ ਯੂ.ਐੱਨ.ਓ.ਓ.ਐੱਸ.ਏ. ਦੇ ਮੁਖੀ



ਵਿਏਨਾ, 27 ਜੂਨ (ਪੋਸਟ ਬਿਊਰੋ): ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸ ਨੇ ਭਾਰਤੀ ਮੂਲ ਦੀ ਬ੍ਰਿਟਿਸ਼ ਸੈਟੇਲਾਈਟ ਮਾਹਰ ਆਰਤੀ ਹੋਲਾ-ਮੈਨੀ ਨੂੰ ਵਿਏਨਾ ਵਿੱਚ ਸੰਯੁਕਤ ਰਾਸ਼ਟਰ ਦੇ ਬਾਹਰੀ ਪੁਲਾੜ ਦਫਤਰ ਦਾ ਡਾਇਰੈਕਟਰ ਨਿਯੁਕਤ ਕੀਤਾ ਹੈ। ਯੂ.ਐੱਨ.ਓ.ਓ.ਐੱਸ.ਏ. ਬਾਹਰੀ ਪੁਲਾੜ ਦੀ ਸ਼ਾਂਤਮਈ ਵਰਤੋਂ, ਉੱਥੇ ਵਿਗਿਆਨਕ ਖੋਜ ਅਤੇ ਟਿਕਾਊ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਪੁਲਾੜ ਵਿਗਿਆਨ ਅਤੇ ਤਕਨਾਲੋਜੀ ਦੀ ਵਰਤੋਂ ਵਿੱਚ ਅੰਤਰਰਾਸ਼ਟਰੀ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਦਾ ਹੈ।

ਆਰਤੀ ਯੂ.ਐੱਨ.ਓ.ਓ.ਐੱਸ.ਏ. ਦੇ ਨਿਰਦੇਸ਼ਕ ਵਜੋਂ ਇਟਲੀ ਦੀ ਸਿਮੋਨੇਟਾ ਡੀ ਪੀਪੋ ਦੀ ਜਗ੍ਹਾ 'ਤੇ ਕੰਮ ਕਰੇਗੀ। ਉਸ ਕੋਲ ਪੁਲਾੜ ਖੇਤਰ ਵਿੱਚ ਕੰਮ ਕਰਨ ਦਾ 25 ਸਾਲਾਂ ਤੋਂ ਵੱਧ ਦਾ ਤਜਰਬਾ ਹੈ। ਸੋਮਵਾਰ ਨੂੰ ਇੱਥੇ ਜਾਰੀ ਇੱਕ ਬਿਆਨ ਅਨੁਸਾਰ ਆਰਤੀ ਨੇ ਪਹਿਲਾਂ ਨਾਰਥਸਟਾਰ ਅਰਥ ਅਤੇ ਸਪੇਸ ਵਿੱਚ ਸਥਿਰਤਾ, ਨੀਤੀ ਅਤੇ ਪ੍ਰਭਾਵ ਮਾਮਲਿਆਂ ਦੇ ਕਾਰਜਕਾਰੀ ਉਪ ਪ੍ਰਧਾਨ ਵਜੋਂ ਕੰਮ ਕੀਤਾ ਸੀ। ਇਸ ਤੋਂ ਪਹਿਲਾਂ ਉਸਨੇ 18 ਸਾਲਾਂ ਤੋਂ ਵੱਧ ਸਮੇਂ ਤੱਕ ਗਲੋਬਲ ਸੈਟੇਲਾਈਟ ਆਪਰੇਟਰਜ਼ ਐਸੋਸੀਏਸ਼ਨ ਦੀ ਸਕੱਤਰ ਜਨਰਲ ਵਜੋਂ ਸੇਵਾ ਕੀਤੀ। ਪੁਲਾੜ 'ਤੇ ਵਿਸ਼ਵ ਆਰਥਿਕ ਫੋਰਮ ਦੀ ਗਲੋਬਲ ਫਿਊਚਰ ਕੌਂਸਲ ਦੇ ਮੈਂਬਰ ਵਜੋਂ ਕੰਮ ਕੀਤਾ ਹੈ।

ਇਕੋਲੇ ਪੋਲੀਟੈਕਨਿਕ ਫੈਡਰਲ ਡੀ ਲੌਸਨੇ ਸਪੇਸ ਸੈਂਟਰ ਵਿਖੇ ਈਸਪੇਸ ਦੁਆਰਾ ਪ੍ਰਬੰਧਿਤ ਸਪੇਸ ਸਸਟੇਨੇਬਿਲਟੀ ਰੇਟਿੰਗ ਲਈ ਸਲਾਹਕਾਰ ਸਮੂਹ ਦੀ ਮੈਂਬਰ ਵੀ ਰਹੀ ਹੈ। ਸੈਟੇਲਾਈਟ ਇੰਡਸਟਰੀ ਐਸੋਸੀਏਸ਼ਨ ਆਫ ਇੰਡੀਆ ਦੇ ਸਲਾਹਕਾਰ ਬੋਰਡ ਦੇ ਮੈਂਬਰ ਦੀ ਜ਼ਿੰਮੇਵਾਰੀ ਵੀ ਨਿਭਾਈ ਹੈ। ਫੋਰਮ ਯੂਰਪ ਦੇ ਸੀਨੀਅਰ ਪੁਲਾੜ ਨੀਤੀ ਦੀ ਰਹੀ ਸਲਾਹਕਾਰ। ਯੂਰਪੀਅਨ ਯੂਨੀਅਨ ਸਟੱਡੀ 2021-2023 ਲਈ ਸਪੇਸ ਟ੍ਰੈਫਿਕ ਪ੍ਰਬੰਧਨ 'ਤੇ ਮਾਹਰ ਸਲਾਹਕਾਰ ਵਜੋਂ ਕੀਤਾ ਕੰਮ। ਉਹ ਸੰਯੁਕਤ ਰਾਸ਼ਟਰ ਵਿਸ਼ਵ ਭੋਜਨ ਪ੍ਰੋਗਰਾਮ ਦੇ ਐਮਰਜੈਂਸੀ ਦੂਰਸੰਚਾਰ ਕਲੱਸਟਰ ਦੇ ਨਾਲ ਸੈਟੇਲਾਈਟ ਰਾਹੀਂ ਸੰਕਟਕਾਲੀਨ ਦੂਰਸੰਚਾਰ ਲਈ 2015 ਵਿੱਚ ਸਥਾਪਿਤ ਕੀਤੇ ਗਏ ਸੰਕਟ ਕਨੈਕਟੀਵਿਟੀ ਚਾਰਟਰ ਦੇ ਮੁੱਖ ਆਰਕੀਟੈਕਟਾਂ ਵਿੱਚੋਂ ਇੱਕ ਸਨ।

# ਠੇਕਾ ਆਧਾਰਤ ਨਵੇਂ ਰੈਗੂਲਰ ਹੋਏ 12700 ਅਧਿਆਪਕਾਂ ਲਈ ਤੋਹਫ਼ਾ, ਮੁੱਖ ਮੰਤਰੀ ਵੱਲੋਂ ਤਨਖਾਹਾਂ ਵਿੱਚ ਤਿੰਨ ਗੁਣਾ ਵਾਧਾ ਅਤੇ ਹੋਰ ਲਾਭ ਦੇਣ ਦਾ ਐਲਾਨ

*** ਅਧਿਆਪਕਾਂ ਨੂੰ ਹਰ ਸਾਲ ਪੰਜ ਫੀਸਦ ਸਾਲਾਨਾ ਵਾਧਾ ਮਿਲੇਗਾ * ਸੇਵਾਵਾਂ ਰੈਗੂਲਰ ਹੋਣ ਤੋਂ ਬਾਅਦ ਤਨਖਾਹਾਂ 'ਚ ਕਈ ਗੁਣਾ ਵਾਧਾ ਹੋਵੇਗਾ : ਮੁੱਖ ਮੰਤਰੀ * ਕੌਮੀ ਨਿਰਮਾਤਾਵਾਂ ਦੀ ਵਿਆਪਕ ਭਲਾਈ ਯਕੀਨੀ ਬਣਾਉਣ ਦੀ ਵਚਨਬੱਧਤਾ ਦੁਹਰਾਈ**



ਚੰਡੀਗੜ੍ਹ, 27 ਜੂਨ (ਪੋਸਟ ਬਿਊਰੋ): ਸੂਬਾ ਸਰਕਾਰ ਵੱਲੋਂ ਹਾਲ ਹੀ ਵਿੱਚ ਰੈਗੂਲਰ ਹੋਏ 12700 ਠੇਕਾ ਆਧਾਰਤ ਅਧਿਆਪਕਾਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਨ੍ਹਾਂ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਹੋਣ ਤੋਂ ਬਾਅਦ ਉਨ੍ਹਾਂ ਦੀ ਤਨਖਾਹ ਵਿੱਚ ਤਿੰਨ ਗੁਣਾ ਵਾਧਾ ਕਰਨ ਅਤੇ ਸਰਕਾਰੀ ਨੌਕਰੀ ਦੇ ਹੋਰ ਸਾਰੇ ਲਾਭ ਦੇਣ ਦਾ ਐਲਾਨ ਕੀਤਾ ਹੈ।

ਇਸ ਬਾਰੇ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਨੂੰ ਐਸੋਸੀਏਟ ਟੀਚਰ, ਸਪੈਸ਼ਲ ਇਨਕਲੂਸਿਵ ਟੀਚਰਸ ਅਤੇ ਹੋਰਾਂ ਵਜੋਂ ਜਾਣਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀਆਂ ਸੇਵਾਵਾਂ ਸਕੂਲ ਸਿੱਖਿਆ ਵਿਭਾਗ ਵਿੱਚ ਐਡਹਾਕ, ਕੰਟਰੈਕਟ, ਆਰਜ਼ੀ ਅਧਿਆਪਕਾਂ (ਰਾਸ਼ਟਰ ਨਿਰਮਾਤਾ) ਅਤੇ ਹੋਰ ਕਰਮਚਾਰੀਆਂ ਦੀ ਭਲਾਈ ਸਬੰਧੀ ਨੀਤੀ ਅਧੀਨ ਹੋਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਵਿਦਿਅਕ ਯੋਗਤਾ ਅਤੇ ਸੇਵਾਵਾਂ ਵਿੱਚ ਦਾਖ਼ਲੇ ਲਈ ਮੁੱਢਲੀਆਂ ਸ਼ਰਤਾਂ ਦੇ ਅਧਾਰ 'ਤੇ ਇਨ੍ਹਾਂ ਦੀਆਂ ਤਨਖਾਹਾਂ 58 ਸਾਲ ਦੀ ਸੇਵਾ ਪੂਰੇ ਹੋਣ ਤੱਕ ਨਿਰਧਾਰਤ ਕੀਤੀਆਂ ਗਈਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਇਹ ਅਧਿਆਪਕ ਹਰ ਸਾਲ ਆਪਣੀ ਤਨਖ਼ਾਹ 'ਤੇ 5 ਫੀਸਦੀ ਸਾਲਾਨਾ ਵਾਧੇ ਦੇ ਹੱਕਦਾਰ ਹੋਣਗੇ।

ਹੋਰ ਵੇਰਵੇ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬੀ.ਏ ਪਾਸ ਸਿੱਖਿਆ ਪ੍ਰੋਵਾਈਡਰ (ਐਸੋਸੀਏਟ ਟੀਚਰ) ਜੋ ਪਹਿਲਾਂ 9500 ਰੁਪਏ ਤਨਖਾਹ ਲੈ ਰਹੇ ਸਨ, ਨੂੰ ਹੁਣ 20500 ਰੁਪਏ ਤਨਖਾਹ ਵਜੋਂ ਮਿਲਣਗੇ ਜਦਕਿ ਈ.ਟੀ.ਟੀ. ਅਤੇ ਐਨ.ਟੀ.ਟੀ. ਯੋਗਤਾ ਵਾਲੇ ਅਧਿਆਪਕਾਂ ਨੂੰ ਮੌਜੂਦਾ 10250 ਰੁਪਏ ਦੀ ਤਨਖਾਹ ਦੇ ਮੁਕਾਬਲੇ 22000 ਰੁਪਏ ਮਿਲਣਗੇ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਬੀ.ਏ./ਐਮ.ਏ.ਬੀ.ਐੱਡ ਡਿਗਰੀਆਂ ਵਾਲੇ ਅਜਿਹੇ ਅਧਿਆਪਕ ਜੋ ਹੁਣ 11000 ਰੁਪਏ ਤਨਖਾਹ ਲੈ ਰਹੇ ਹਨ, ਨੂੰ ਹੁਣ 23500 ਰੁਪਏ ਤਨਖਾਹ ਮਿਲੇਗੀ। ਭਗਵੰਤ ਮਾਨ ਨੇ ਕਿਹਾ ਕਿ ਆਈ.ਈ.ਵੀ. ਵਲੰਟੀਅਰ ਜੋ ਹੁਣ ਤੱਕ 5500 ਰੁਪਏ ਤਨਖਾਹ ਲੈ ਰਹੇ ਸਨ, ਨੂੰ ਹੁਣ 15,000 ਰੁਪਏ ਤਨਖਾਹ ਮਿਲੇਗੀ।।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਅਜੇ ਤੱਕ 3500 ਰੁਪਏ ਤਨਖਾਹ ਲੈ ਰਹੇ ਸਿੱਖਿਆ ਵਲੰਟੀਅਰਾਂ ਨੂੰ ਹੁਣ 15,000 ਰੁਪਏ ਅਤੇ 6000 ਰੁਪਏ ਤਨਖਾਹ ਲੈ ਰਹੇ ਈ.ਜੀ.ਐਸ., ਈ.ਆਈ.ਈ. ਅਤੇ ਐਸ.ਟੀ.ਆਰ. ਅਧਿਆਪਕਾਂ ਨੂੰ ਹੁਣ 18,000 ਰੁਪਏ ਮਿਲਣਗੇ। ਉਨ੍ਹਾਂ ਕਿਹਾ ਕਿ ਇਹ ਸੂਬਾ ਸਰਕਾਰ ਦਾ ਇਤਿਹਾਸਕ ਫੈਸਲਾ ਹੈ ਜੋ ਇਨ੍ਹਾਂ ਅਧਿਆਪਕਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਏਗਾ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਨੇ ਸਿੱਖਿਆ ਵਿਭਾਗ ਵਿੱਚ 10 ਸਾਲ ਤੋਂ ਵੱਧ ਸੇਵਾ ਨਿਭਾਈ ਹੈ, ਜਿਸ ਤੋਂ ਬਾਅਦ ਸੂਬਾ ਸਰਕਾਰ ਨੇ ਇਨ੍ਹਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰ ਦਿੱਤਾ ਹੈ, ਜਦੋਂ ਕਿ ਪਿਛਲੀਆਂ ਸਰਕਾਰਾਂ ਨੇ ਇਸ ਮੁੱਦੇ 'ਤੇ ਸਿਰਫ਼ ਗੱਲਾਂ ਤੇ ਸਿਵਾਏ ਕੁਝ ਨਹੀਂ ਕੀਤਾ।

# 230 ਅਫਗਾਨ ਪ੍ਰਵਾਸੀਆਂ ਨੂੰ ਤੁਰਕੀ ਨੇ ਕੱਢਿਆ



ਕਾਬੁਲ, 27 ਜੂਨ (ਪੋਸਟ ਬਿਊਰੋ): ਤੁਰਕੀ ਨੇ ਲਗਭਗ 230 ਅਫਗਾਨ ਪ੍ਰਵਾਸੀਆਂ ਨੂੰ ਡਿਪੋਰਟ ਕਰ ਦਿੱਤਾ ਹੈ। ਖਾਮਾ ਪ੍ਰੈੱਸ ਨੇ ਤੁਰਕੀ ਦੇ ਮੀਡੀਆ ਆਊਟਲੈੱਟਸ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਕੁਲ 230 ਅਫਗਾਨ ਪ੍ਰਵਾਸੀਆਂ ਨੂੰ ਨਾਕਾਫੀ ਦਸਤਾਵੇਜ਼ਾਂ ਕਾਰਨ ਵੱਖ-ਵੱਖ ਤੁਰਕੀ ਸ਼ਹਿਰਾਂ ਤੋਂ ਦੇਸ਼ ਵਾਪਸ ਭੇਜ ਦਿੱਤਾ ਗਿਆ ਹੈ। ਰਿਪੋਰਟਾਂ ਮੁਤਾਬਕ ਡਿਪੋਰਟ ਕੀਤੇ ਗਏ ਜ਼ਿਆਦਾਤਰ ਅਫਗਾਨ ਸ਼ਰਨਾਰਥੀ ਅਣਅਧਿਕਾਰਤ ਅਤੇ ਗੈਰ-ਕਾਨੂੰਨੀ ਪ੍ਰਵਾਸੀ ਸਨ।

ਰਿਪੋਰਟਾਂ ਮੁਤਾਬਕ ਤੁਰਕੀ ਸਰਕਾਰ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਪੂਰਬੀ ਸ਼ਹਿਰ ਐਗਰੀ 'ਚ ਅਣਅਧਿਕਾਰਤ ਸ਼ਰਣ ਮੰਗਣ ਵਾਲਿਆਂ 'ਤੇ ਨਜ਼ਰ ਰੱਖੇਗੀ। ਪਿਛਲੇ ਸਾਲ ਦੌਰਾਨ 1,24,441 ਗੈਰ-ਦਸਤਾਵੇਜ਼ੀ ਪ੍ਰਵਾਸੀਆਂ 'ਚੋਂ ਤੁਰਕੀ ਦੇ ਜਨਰਲ ਡਾਇਰੈਕਟੋਰੇਟ ਆਫ਼ ਮਾਈਗ੍ਰੇਸ਼ਨ ਨੇ ਪਹਿਲਾਂ 68,290 ਅਫਗਾਨ ਸ਼ਰਣ ਬਿਨੈਕਾਰਾਂ ਨੂੰ ਦੇਸ਼ ਨਿਕਾਲਾ ਦੇਣ ਦੀ ਰਿਪੋਰਟ ਕੀਤੀ ਸੀ। ਅਗਸਤ 2021 ਵਿੱਚ ਜਦੋਂ ਤੋਂ ਤਾਲਿਬਾਨ ਨੇ ਅਫਗਾਨਿਸਤਾਨ 'ਤੇ ਮੁੜ ਕਬਜ਼ਾ ਕੀਤਾ ਹੈ, ਹਜ਼ਾਰਾਂ ਅਫਗਾਨ ਸਰੀਰਕ ਸ਼ੋਸ਼ਣ, ਤਸ਼ੱਦਦ ਜਾਂ ਕਤਲ ਦੇ ਡਰੋਂ ਗੁਆਂਢੀ ਦੇਸ਼ਾਂ ਵਿੱਚ ਭੱਜ ਗਏ ਹਨ।

ਖਾਮਾ ਪ੍ਰੈੱਸ ਨੇ ਇਕ ਅਫਗਾਨ ਸ਼ਰਨਾਰਥੀ ਦੇ ਹਵਾਲੇ ਨਾਲ ਕਿਹਾ ਕਿ ਅਫਗਾਨਿਸਤਾਨ ਪਰਤਣਾ ਖੁਦਕੁਸ਼ੀ ਵਰਗਾ ਹੈ। ਮੈਂ ਤੁਰਕੀ ਪਹੁੰਚਣ ਲਈ ਬਹੁਤ ਦੁੱਖ ਝੱਲੇ ਅਤੇ ਹੁਣ ਉਹ ਮੈਨੂੰ ਜ਼ਬਰਦਸਤੀ ਮੇਰੇ ਦੇਸ਼ ਵਾਪਸ ਭੇਜ ਰਹੇ ਹਨ। ਮੇਰੇ ਕੋਲ ਆਪਣੀ ਜ਼ਿੰਦਗੀ ਖਤਮ ਕਰਨ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੈ। ਤਾਲਿਬਾਨ ਦੇ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਜ਼ਿਆਦਾਤਰ ਅਫਗਾਨ ਪ੍ਰਵਾਸੀਆਂ ਨੇ ਈਰਾਨ, ਪਾਕਿਸਤਾਨ ਅਤੇ ਤੁਰਕੀ ਵਰਗੇ ਨੇੜਲੇ ਦੇਸ਼ਾਂ ਦੀ ਯਾਤਰਾ ਕਰਨ ਲਈ ਖਤਰਨਾਕ ਤੇ ਗੈਰ-ਕਾਨੂੰਨੀ ਰਸਤੇ ਅਪਣਾਏ। ਉਹ ਮਹੀਨਿਆਂ ਤੋਂ ਡਰ ਦੇ ਮਾਹੌਲ 'ਚ ਰਹਿ ਰਹੇ ਹਨ ਅਤੇ ਹੁਣ ਉਨ੍ਹਾਂ ਨੂੰ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ ਤੇ ਜ਼ਬਰਦਸਤੀ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਮੀਤ ਹੇਅਰ ਵੱਲੋਂ ਕ੍ਰਿਕਟ ਵਿਸ਼ਵ ਕੱਪ ਦੀ ਮੇਜ਼ਬਾਨੀ ਲਈ ਮੁਹਾਲੀ ਨੂੰ ਬਾਹਰ ਕਰਨ ਦੀ ਕਰੜੀ ਨਿਖੇਧੀ

**ਵਿਸ਼ਵ ਕੱਪ-2023 ਦੇ ਮੈਚਾਂ ਦੀ ਮੇਜ਼ਬਾਨੀ ਤੋਂ ਬਾਹਰ ਰੱਖਣਾ ਪੰਜਾਬ ਨਾਲ ਖੁੱਲੇਆਮ ਵਿਤਕਰੇਬਾਜ਼ੀ: ਮੀਤ ਹੇਅਰ**



ਚੰਡੀਗੜ੍ਹ, 27 ਜੂਨ (ਪੋਸਟ ਬਿਊਰੋ): ਇਸ ਸਾਲ ਅਕਤੂਬਰ-ਨਵੰਬਰ ਮਹੀਨੇ ਭਾਰਤ ਵਿੱਚ ਹੋਣ ਵਾਲੇ ਇਕ ਰੋਜ਼ਾ ਕ੍ਰਿਕਟ ਵਿਸ਼ਵ ਕੱਪ-2023 ਦੇ ਅੱਜ ਜਾਰੀ ਹੋਏ ਸ਼ਡਿਊਲ ਵਿੱਚ ਮੇਜ਼ਬਾਨੀ ਵਾਲੇ ਸ਼ਹਿਰਾਂ ਦੀ ਸੂਚੀ ਵਿੱਚੋਂ ਮੁਹਾਲੀ ਨੂੰ ਬਾਹਰ ਰੱਖਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇਸ ਫ਼ੈਸਲੇ ਨੂੰ ਰਾਜਸੀ ਕਾਰਨਾਂ ਤੋਂ ਪ੍ਰੇਰਿਤ ਦੱਸਿਆ ਹੈ।

ਅੱਜ ਇੱਥੇ ਜਾਰੀ ਪ੍ਰੈੱਸ ਬਿਆਨ ਵਿੱਚ ਮੀਤ ਹੇਅਰ ਨੇ ਕਿਹਾ ਕਿ ਵਿਸ਼ਵ ਕੱਪ ਦੇ ਮੈਚਾਂ ਦੀ ਮੇਜ਼ਬਾਨੀ ਤੋਂ ਬਾਹਰ ਰੱਖਣਾ ਪੰਜਾਬ ਨਾਲ ਖੁੱਲ੍ਹੇਆਮ ਵਿਤਕਰੇਬਾਜ਼ੀ ਹੈ ਕਿਉਂਕਿ ਪੀਸੀਏ ਸਟੇਡੀਅਮ ਮੁਹਾਲੀ ਦੇ ਬਣਨ ਤੋਂ ਬਾਅਦ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਭਾਰਤ ਵਿੱਚ ਵਿਸ਼ਵ ਕੱਪ ਹੋ ਰਿਹਾ ਹੈ ਅਤੇ ਮੁਹਾਲੀ ਵਿਖੇ ਕੋਈ ਮੈਚ ਨਹੀਂ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ 1996 ਅਤੇ 2011 ਵਿੱਚ ਮੁਹਾਲੀ ਵਿਖੇ ਵਿਸ਼ਵ ਕੱਪ ਦੇ ਸੈਮੀ ਫ਼ਾਈਨਲ ਖੇਡੇ ਗਏ ਜਦੋਂਕਿ ਇਸ ਵਾਰ ਇਕ ਲੀਗ ਮੈਚ ਦੀ ਵੀ ਮੇਜ਼ਬਾਨੀ ਨਹੀਂ ਮਿਲੀ। ਅਹਿ-ਮਦਾਬਾਦ ਨੂੰ ਉਦਘਾਟਨੀ ਤੇ ਫ਼ਾਈਨਲ ਮੈਚ ਤੋਂ ਇਲਾਵਾ ਭਾਰਤ-ਪਾਕਿਸਤਾਨ ਮੈਚ ਦੀ ਮੇਜ਼ਬਾਨੀ ਵੀ ਮਿਲੀ ਹੈ।

ਮੀਤ ਹੇਅਰ ਨੇ ਕਿਹਾ ਕਿ ਪੀਸੀਏ ਸਟੇਡੀਅਮ ਮੁਹਾਲੀ ਨਾ ਸਿਰਫ ਭਾਰਤ ਦੇ ਪਹਿਲੇ ਪੰਜ ਸਟੇਡੀਅਮਾਂ ਵਿੱਚੋਂ ਇਕ ਹੈ ਬਲਕਿ ਦੁਨੀਆਂ ਦੇ ਚੋਣਵੇਂ ਸਟੇਡੀਅਮਾਂ ਦੀ ਸੂਚੀ ਵਿੱਚ ਆਉਂਦਾ ਹੈ। ਕ੍ਰਿਕਟ ਪ੍ਰੇਮੀਆਂ ਦੀ ਪਹਿਲੀ ਪਸੰਦ ਮੁਹਾਲੀ ਨੂੰ ਮੇਜ਼ਬਾਨ ਸੈਣੀ ਵਿੱਚ ਬਾਹਰ ਰੱਖਣਾ ਸਿਆਸਤ ਤੋਂ ਪ੍ਰੇਰਿਤ ਹੈ। ਪੰਜਾਬ ਨਾਲ ਇਸ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਇਸ ਵਿਤਕਰੇਬਾਜ਼ੀ ਦਾ ਮੁੱਦਾ ਬੀਸੀਸੀਆਈ ਕੋਲ ਉਠਾਵੇਗੀ।

ਖੇਡ ਮੰਤਰੀ ਨੇ ਅੱਗੇ ਕਿਹਾ ਕਿ ਮੁਹਾਲੀ ਵਿਖੇ ਜਿੱਥੇ ਕੌਮਾਂਤਰੀ ਹਵਾਈ ਅੱਡਾ ਹੈ ਉੱਥੇ ਸ਼ਹਿਰ ਵਿੱਚ ਬਿਹਤਰ ਬੁਨਿਆਦੀ ਢਾਂਚਾ ਅਤੇ ਟੀਮਾਂ ਦੇ ਰਹਿਣ ਲਈ ਲੋੜੀਂਦੇ ਹੋਟਲ ਵੀ ਹਨ। ਮੁਹਾਲੀ ਵਿਖੇ ਮੈਚ ਹੋਣ ਨਾਲ ਖੇਡ ਸੈਰ ਸਪਾਟਾ ਨੂੰ ਵੱਡਾ ਹੁਲਾਰਾ ਮਿਲਣਾ ਸੀ ਅਤੇ ਖੇਡਾਂ ਨਾਲ ਜੁੜੇ ਦੇਸ਼ ਵਿਦੇਸ਼ ਦੇ ਸੈਲਾਨੀਆਂ ਨੇ ਪੰਜਾਬ ਆਉਣਾ ਸੀ ਜਿਸ ਨਾਲ ਸੂਬੇ ਦੀ ਅਰਥ ਵਿਵਸਥਾ ਨੂੰ ਹੋਰ ਵੀ ਹੁਲ-ਾਰਾ ਮਿਲਣਾ ਸੀ।




ੴ ਸਤਿਗੁਰ ਪ੍ਰਸਾਦਿ ॥
ਗੁਰਮੁਖਿ ਜਨਮ ਸਵਾਰਿ ਦਰਗਹਿ ਚਲਿਆ ॥
ਸੱਚੀ ਦਰਗਹਿ ਜਾਇ ਸਚਾ ਪਿੜ ਮਲਿਆ ॥

ੴ

DECEMBER 1941 - JULY 2021

## ਸ. ਤਰਲੋਚਨ ਸਿੰਘ ਗਿੱਲ (ਗਾਲਿਬ ਕਲਾਂ)

ਵੱਲੋਂ

ਆਪ ਜੀ ਨੂੰ ਬੇਨਤੀ ਹੈ ਕਿ ਉਹਨਾਂ ਦੀ ਧਰਮਪਤਨੀ

## ਸਰਦਾਰਨੀ ਕੁਲਦੀਪ ਕੌਰ ਗਿੱਲ

ਜੋ ਕਿ ਦੋ ਸਾਲ ਪਹਿਲਾਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਹਨਾਂ ਦੀ ਆਤਮਿਕ ਸ਼ਾਂਤੀ ਦੇ ਸਬੰਧ ਵਿੱਚ

## ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ

ਦਿੱਤੇ ਪ੍ਰੋਗਰਾਮ ਅਨੁਸਾਰ ਪਵੇਗਾ । ਸੋ ਆਪ ਜੀ ਨੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ । ਅਤੀ ਧੰਨਵਾਦੀ ਹੋਵਾਗੇ ਜੀ ।

**ਪ੍ਰੋਗਰਾਮ**

**7 ਜੁਲਾਈ 2023, ਦਿਨ ਸ਼ੁੱਕਰਵਾਰ**

ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ.......1.30 ਵਜੇ ਦੁਪਿਹਰ

**9 ਜੁਲਾਈ 2023, ਦਿਨ ਐਤਵਾਰ**

ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ..........1.00 ਵਜੇ ਦੁਪਿਹਰ
ਕੀਰਤਨ ................................ 2.00 ਵਜੇ ਦੁਪਿਹਰ
ਗੁਰੂ ਕਾ ਲੰਗਰ...........................3.00 ਵਜੇ ਦੁਪਿਹਰ

ਸਥਾਨ: ਸ੍ਰੀ ਗੁਰੂ ਸਿੰਘ ਸਭਾ ਮਾਲਟਨ

Sri Guru Singh Sabha Malton
7280 Airport Rd, Mississauga, ON L4T 2H3

ਸਮੂਹ ਗਿੱਲ ਪਰਿਵਾਰ
+1 416-802-7377, +1 416-735-7737
+1 416-880-9785
E-mail: tgill@imchd.com

Design by: ਡੋਗਰਾ ਪ੍ਰਿੰਟਰਜ਼, ਲਿੰਕ ਰੋਡ, ਜਗਰਾਉਂ #98784-03812



## NEEDED FULL-TIME CONSTRUCTION WORKER

*(Required Canadian Citizen or Permanent Resident)*

**Decon Construction Inc. is a small business in Brampton, ON L6X 2M1. We are professional, fast-paced, and demanding.** We are looking for a Construction Worker to join our team and assist in the completion of various construction projects. The ideal candidate for this position will have experience in the construction industry, be able to lift heavy objects, and have a strong work ethic. The successful candidate will be responsible for a variety of tasks, including demolition, digging trenches, mixing concrete, and cleaning up job sites.

**Responsibilities:**
- Load, unload and transport construction materials
- Operate mobile and tower cranes to lift, move, position or place equipment and materials
- Clean and lubricate cranes
- Erect and dismantle concrete forms, scaffolding, ramps, catwalks shoring and barricades
- Operate pile driving cranes to drive pilings into earth to provide support for buildings and other structures
- Mix, pour and spread materials
- Operate cranes equipped with dredging attachments to dredge waterways and other areas
- Assemble tower cranes on site
- Assist heavy equipment operators
- Operate gantry cranes to load and unload ship cargo at port side
- Assist in drilling and blasting rock on construction sites
- Assist in framing houses, erecting walls and building roofs
- Level earth to fine grade specifications
- Assist in demolishing buildings
- Perform pre-operational inspection, and calculate crane capacities and weight to prepare for rigging and hoisting
- Perform routine maintenance work
- Clean up chemical spills and other contaminants
- Remove rubble and other debris at construction sites
- Tend or feed machines or equipment used in construction
- Direct traffic at or near construction sites
- Read and interpret blueprints

**Additional Information**
Work conditions and physical capabilities
- Fast-paced environment
- Work under pressure
- Physically demanding
- Handling heavy loads
- Hand-eye co-ordination

**Personal suitability**
- Dependability
- Flexibility
- Reliability
- Team player

**Experience**
Experience an asset
Work site environment
- Outdoors
- At heights
- Noisy

**Job Type: Full-time**
**Salary: $27.00 per hour**

**Benefits:**
- Paid time off

**Flexible Language Requirement:**
- French not required

**Language:**
- English (preferred)

**Schedule:**
- Monday to Friday

**Supplemental pay types:**
- Overtime pay

**Ability to commute/relocate:**
- Brampton, ON L6X 2M1: reliably commute or plan to relocate before starting work (required)

**Experience:**
- construction (preferred)

**Shift availability:**
- Day Shift (preferred)

**Work Location:** In person

**Submit Resume:**
naeem@decongroup.ca

# ਚੀਨ ਵਿਚ ਜ਼ਮੀਨ ਖਿਸਕੀ, 4 ਲੋਕਾਂ ਦੀ ਮੌਤ, 900 ਨੂੰ ਸੁਰੱਖਿਅਤ ਥਾਂਵਾਂ ’ਤੇ ਪਹੁੰਚਾਇਆ



ਤਾਈਪੇ, 27 ਜੂਨ (ਪੋਸਟ ਬਿਊਰੋ): ਚੀਨ ਦੇ ਸਿਚੁਆਨ ਸੂਬੇ ਵਿੱਚ ਇਕ ਕਾਊਂਟੀ ਵਿਚ ਜ਼ਮੀਨ ਖਿਸਕਣ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਲਾਪਤਾ ਹੋ ਗਏ। ਕੁਦਰਤੀ ਆਫ਼ਤ ਤੋਂ ਬਾਅਦ ਅਧਿਕਾਰੀਆਂ ਨੇ 900 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। ਕਾਊਂਟੀ ਦੇ ਐਮਰਜੈਂਸੀ ਪ੍ਰਬੰਧਨ ਬਿਊਰੋ ਅਨੁਸਾਰ ਅਚਾਨਕ ਹੜ੍ਹ ਕਾਰਨ ਵੇਨਚੁਆਨ ਕਾਉਂਟੀ ਦੇ ਮੀਆਂਸੀ ਅਤੇ ਵੇਈਝੌ ਵਿੱਚ ਜ਼ਮੀਨ ਖਿਸਕੀ।

ਜਾਣਕਾਰੀ ਅਨੁਸਾਰ ਮੰਗਲਵਾਰ ਤੜਕੇ ਜ਼ਮੀਨ ਖਿਸਕਣ ਤੋਂ ਬਾਅਦ 400 ਤੋਂ ਵੱਧ ਬਚਾਅ ਕਰਮਚਾਰੀਆਂ ਨੇ ਲਾਪਤਾ ਲੋਕਾਂ ਦੀ ਭਾਲ ਸ਼ੁਰੂ ਕਰ ਦਿੱਤੀ। ਸਰਕਾਰੀ ਪ੍ਰਸਾਰਕ ਸੀਸੀਟੀਵੀ ਅਨੁਸਾਰ ਮੀਆਂਸੀ ਵਿੱਚ ਚਾਰ ਲੋਕ ਮ੍ਰਿਤਕ ਪਾਏ ਗਏ ਅਤੇ ਤਿੰਨ ਹੋਰ ਲਾਪਤਾ ਹਨ।

# ਹੁਣ ਸੜਕ ’ਤੇ ਹੋ ਸਕੇਗੀ ਲੜਾਕੂ ਜਹਾਜ਼ਾਂ ਦੀ ਲੈਂਡਿੰਗ

ਨਵੀਂ ਦਿੱਲੀ, 27 ਜੂਨ (ਪੋਸਟ ਬਿਊਰੋ): ਦੇਸ਼ਭਰ ਵਿਚ ਸਾਮਰਿਕ ਮਹੱਤਵ ਅਤੇ ਭੂਗੋਲਿਕ ਜ਼ਰੂਰਤਾਂ ਦੇ ਹਿਸਾਬ ਨਾਲ ਹੁਣ ਨੈਸ਼ਨਲ ਹਾਈਵੇ ਨੂੰ ਰਨਵੇ ਦੇ ਤੌਰ ’ਤੇ ਵਿਕਸਿਤ ਕੀਤਾ ਜਾ ਰਿਹਾ ਹੈ। ਇਸਦੇ ਤਹਿਤ ਦੇਸ਼ਭਰ ਦੇ ਨੈਸ਼ਨਲ ਹਾਈਵੇ ’ਤੇ 35 ਏਅਰ-ਸਟਰਿਪ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਤਾਂਕਿ ਐਮਰਜੈਂਸੀ ਸਮੇਂ ਲੜਾਕੂ ਜਹਾਜ਼ਾਂ ਦੀ ਲੈਂਡਿੰਗ ਹੋ ਸਕੇ। ਖਾਸ ਤੌਰ ’ਤੇ ਦੇਸ਼ ਦੇ ਬਾਰਡਰ ਵਾਲੇ ਹਾਈਵੇ ’ਤੇ ਏਅਰਸਟਰਿਪ ਬਣਾਉਣ ’ਤੇ ਜ਼ਿਆਦਾ ਜ਼ੋਰ ਦਿੱਤਾ ਜਾ ਰਿਹਾ ਹੈ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਐਮਰੈਂਸੀ ਹਾਲਾਤ ਵਿਚ ਹਾਈਵੇ ਤੋਂ ਟ੍ਰੈਫਿਕ ਦੀ ਆਵਾਜਾਈ ਨੂੰ ਰੋਕ ਦਿੱਤੀ ਜਾਵੇਗਾ ਅਤੇ ਹਾਈਵੇ ’ਤੇ ਬਣੇ ਏਅਰ-ਸਟਰਿਪ ਦਾ ਇਸਤੇਮਾਲ ਲੜਾਕੂ



ਜਹਾਜ਼ਾਂ ਲਈ ਕੀਤਾ ਜਾਵੇਗਾ।

ਕੇਂਦਰ ਸਰਕਾਰ ਨੇ ਦੇਸ਼ਭਰ ਵਿਚ ਹਾਈਵੇ ’ਤੇ 35 ਏਅਰਸਟਰਿਪ ਬਣਾਉਣ ਦਾ ਟੀਚਾ ਰੱਖਿਆ ਹੈ। ਜੰਮੂ-ਕਸ਼ਮੀਰ ਤੋਂ ਲੈ ਕੇ ਦੇਸ਼ ਦੇ ਕਈ ਰਾਜਾਂ ਵਿਚ ਯੁੱਧ ਸੈਸ਼ਨ ’ਤੇ ਕੰਮ ਚੱਲ ਰਿਹਾ ਹੈ। ਇਨ੍ਹਾਂ ਵਿਚੋਂ ਲੱਗਭੱਗ 15 ਬਣਕੇ ਤਿਆਰ ਹੋ ਗਏ ਹਨ। ਕੁਝ ਅਜਿਹੇ ਏਅਰਸਟਰਿਪ ਹਨ, ਜਿਨ੍ਹਾਂ ਨੂੰ ਲੈ ਕੇ ਏਅਰਫੋਰਸ ਤੋਂ ਮਨਜ਼ੂਰੀ ਲਈ ਜਾ ਰਹੀ ਹੈ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਇਸ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਵੀ ਬੇਨਤੀ ਕੀਤੀ ਹੈ, ਤਾਂਕਿ ਏਅਰਸਟਰਿਪ ਬਣਾਉਣ ਵਿਚ ਕਿਸੇ ਤਰ੍ਹਾਂ ਦੀ ਅੜਚਨ ਨਾ ਆਵੇ।

ਗਡਕਰੀ ਨੇ ਕਿਹਾ ਕਿ ਏਅਰ-ਸਟਰਿਪ ਦਾ ਉਸੇ ਤਰ੍ਹਾਂ ਇਸਤੇਮਾਲ ਕੀਤਾ ਜਾਵੇਗਾ, ਜਿਸ ਤਰ੍ਹਾਂ ਟ੍ਰੇਨ ਦੇ ਆਉਣ ’ਤੇ ਰੇਲਵੇ ਦਾ ਫਾਟਕ ਬੰਦ ਕਰ ਦਿੱਤਾ ਜਾਂਦਾ ਹੈ। ਟ੍ਰੇਨ ਦੇ ਜਾਣ ਤੋਂ ਬਾਅਦ ਹੀ ਉਸਨੂੰ ਖੋਲ੍ਹ ਦਿੱਤਾ ਜਾਂਦਾ ਹੈ ਅਤੇ ਟ੍ਰੈਫਿਕ ਸ਼ੁਰੂ ਹੋ ਜਾਂਦੀ ਹੈ। ਹਾਈਵੇ ’ਤੇ ਏਅਰਸਟਰਿਪ ਨੂੰ ਇੰਜ ਹੀ ਡਿਜ਼ਾਇਨ ਕੀਤਾ ਗਿਆ ਹੈ, ਤਾਂਕਿ ਐਮਰਜੈਂਸੀ ਵਿਚ ਟ੍ਰੈਫਿਕ ਰੋਕਕੇ ਜਹਾਜ਼ਾਂ ਦੀ ਲੈਂਡਿੰਗ ਅਤੇ ਟੇਕ ਆਫ ਕਰਵਾਈ ਜਾ ਸਕੇ।

ਜੰਮੂ ਕਸ਼ਮੀਰ ਦੇ ਬਿਜਬੇਹਾਰਾ-ਚਿਨਾਰ ਬਾਗ ਹਾਈਵੇ ’ਤੇ, ਦਿੱਲੀ ਵਿਚ ਦਿੱਲੀ-ਮੁਰਾਦਾਬਾਦ ਹਾਈਵੇ ’ਤੇ, ਉਤਰਾਖੰਡ ਵਿਚ ਰਾਮਪੁਰ-ਕਾਠਗੋਦਾਮ ਹਾਈਵੇ ’ਤੇ, ਉੱਤਰ ਪ੍ਰਦੇਸ਼ ਵਿਚ ਲਖਨਊ-ਵਾਰਾਣਸੀ ਹਾਈਵੇ ’ਤੇ, ਬਿਹਾਰ ਵਿੱਚ ਕਿਸ਼ਨਗੰਜ-ਇਸਲਾਮਪੁਰ ਹਾਈਵੇ ’ਤੇ, ਝਾਰਖੰਡ ਵਿਚ ਜਮਸ਼ੇਦਪੁਰ-ਬਾਲਾਸੋਰ ਹਾਈਵੇ ’ਤੇ, ਪੱਛਮ ਬੰਗਾਲ ਵਿਚ ਖੜਗਪੁਰ-ਕਯੋਂਝਰ ਹਾਈਵੇ ’ਤੇ, ਆਸਾਮ ਵਿਚ ਮੋਹਨਬਾੜੀ-ਤੀਨਸੁਕਿਆ ਹਾਈਵੇ ’ਤੇ, ਓਡੀਸ਼ਾ ਵਿਚ ਛਤਰਪੁਰ-ਦੀਘਾ ਹਾਈਵੇ ’ਤੇ, ਰਾਜਸਥਾਨ ਵਿਚ ਫਲੋਦੀ-ਜੈਸਲਮੇਰ ਹਾਈਵੇ ’ਤੇ, ਗੁਜਰਾਤ ਵਿਚ ਦੁਆਰਕਾ ਪੁਰੀ-ਮਾਲੀਆ ਹਾਈਵੇ ’ਤੇ, ਆਂਧਰਾ ਪ੍ਰਦੇਸ਼ ਵਿਚ ਵਿਜੈਵਾੜਾ-ਰਾਜਾਮੁੰਦਰੀ ਹਾਈਵੇ ’ਤੇ ਅਤੇ ਤਮਿਲਨਾਡੂ ਵਿਚ ਚੇਨੱਈ-ਪੁਡੂਚੇਰੀ ਹਾਈਵੇ ’ਤੇ ਏਅਰਸਟਰਿਪ ਬਣਾਏ ਜਾ ਰਹੇ ਹਨ।


NEED A LAWYER ??

Red Seal NOTARY

KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1


# ਮੀਂਹ ਦੇ ਇਕੱਠੇ ਹੋਏ ਪਾਣੀ ਵਿਚ ਕਰੰਟ ਆਉਣ ਨਾਲ ਨੌਜਵਾਨ ਦੀ ਮੌਤ

ਨਵੀਂ ਦਿੱਲੀ, 27 ਜੂਨ (ਪੋਸਟ ਬਿਊਰੋ): ਦਿੱਲੀ ਵਿਚ ਐਤਵਾਰ ਨੂੰ ਮੀਂਹ ਤੋਂ ਬਾਅਦ ਇਕੱਠੇ ਹੋਏ ਪਾਣੀ ਵਿੱਚ ਕਰੰਟ ਆਉਣ ਨਾਲ ਇੱਕ ਨੌਜਵਾਨ ਦੀ ਮੌਤ ਦੀ ਹੋ ਗਈ ਹੈ। ਘਟਨਾ ਦਿੱਲੀ ਨਿਊ ਫਰੈਂਡਜ਼ ਕਲੋਨੀ ਇਲਾਕੇ ਦੀ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਮੌਕੇ ’ਤੇ ਪਹੁੰਚੀ ਪੁਲਿਸ ਨੇ ਲਾਸ਼ ਨੂੰ ਆਪਣੇ ਕਬਜ਼ੇ ਲੈ ਕੇ ਉਸਦਾ ਪੋਸਟਮਾਰਟਮ ਕਰਵਾਇਆ ਹੈ। ਪੁਲਿਸ ਅਨੁਸਾਰ ਮ੍ਰਿਤਕ ਨੌਜਵਾਨ ਦੀ ਪਹਿਚਾਣ 17 ਸਾਲਾ ਸੋਹੇਲ ਦੇ ਰੂਪ ਵਿਚ ਕੀਤੀ ਗਈ ਹੈ। ਉਹ ਕੁੱਝ ਦਿਨ ਪਹਿਲਾਂ ਹੀ ਬੇਗਲੁਰੂ ਤੋਂ ਆਪਣੇ ਮਾਮੇ ਦੇ ਘਰ ਦਿੱਲੀ ਆਇਆ



ਸੀ।

ਸੋਹੇਲ ਦਾ ਪਰਿਵਾਰ ਮੂਲਰੂਪ ਤੋਂ ਪੱਛਮੀ ਬੰਗਾਲ ਦਾ ਰਹਿਣ ਵਾਲਾ ਹੈ। ਮਾਮਲੇ ਦੀ ਜਾਂਚ ਦੌਰਾਨ ਪੁਲਸ ਨੂੰ ਪਤਾ ਚੱਲਿਆ ਹੈ ਕਿ ਸੋਹੇਲ ਦਿਨ ਭਰ ਆਪਣੇ ਮਾਮੇ ਦੇ ਘਰ ਰਹਿੰਦਾ ਸੀ ਅਤੇ ਰਾਤ ਵਿਚ ਸੌਣ ਲਈ ਜਮਾਲ ਦੇ ਘਰ ਆ ਜਾਂਦਾ ਸੀ।

ਐਤਵਾਰ ਸਵੇਰੇ ਕਰੀਬ ਪੰਜ ਵਜੇ ਨੀਂਦ ਖੁੱਲ੍ਹਣ ’ਤੇ ਸੋਹੇਲ ਆਪਣੇ ਮਾਮੇ ਦੇ ਘਰ ਜਾਣ ਲਈ ਨਿਕਲਿਆ। ਜਮਾਲ ਦੇ ਘਰ ਦੇ ਬਾਹਰ ਗਲੀ ਵਿਚ ਮੀਂਹ ਦਾ ਪਾਣੀ ਭਰਿਆ ਹੋਇਆ ਸੀ। ਸੋਹੇਲ ਕੁੱਝ ਦੂਰ ਚੱਲਣ ਤੋਂ ਬਾਅਦ ਪਾਣੀ ਵਿਚ ਉਤਰਿਆ, ਉੱਥੇ ਪਹਿਲਾਂ ਤੋਂ ਹੀ ਬਿਜਲੀ ਦਾ ਤਾਰ ਡਿੱਗੀ ਹੋਈ ਸੀ। ਜਿਸ ਕਾਰਣ ਉਹ ਕਰੰਟ ਦੀ ਚਪੇਟ ਵਿਚ ਆ ਗਿਆ ਅਤੇ ਪਾਣੀ ਵਿਚ ਹੀ ਡਿੱਗ ਗਿਆ। ਰੌਲਾ ਸੁਣਕੇ ਲੋਕ ਘਟਨਾ ਸਥਾਨ ’ਤੇ ਪਹੁੰਚੇ ਅਤੇ ਪੁਲਿਸ ਨੂੰ ਸੂਚਨਾ ਦਿੱਤੀ। ਐੱਨ.ਐੱਫ.ਸੀ. ਥਾਣਾ ਪੁਲਿਸ ਮੌਕੇ ਉੱਤੇ ਪਹੁੰਚੀ ਅਤੇ ਬਿਜਲੀ ਕੰਪਨੀ ਨੂੰ ਕਾਲ ਕਰਕੇ ਲਾਈਨ ਨੂੰ ਬੰਦ ਕਰਵਾਇਆ।

ਦੱਸ ਦੇਈਏ ਕਿ ਕੁੱਝ ਦਿਨ ਪਹਿਲਾਂ ਹੀ ਨਵੀਂ ਦਿੱਲੀ ਰੇਲਵੇ ਸਟੇਸ਼ਨ ’ਤੇ ਵੀ ਇੱਕ ਔਰਤ ਦੀ ਬਿਜਲੀ ਦੇ ਕਰੰਟ ਨਾਲ ਜਾਨ ਚਲੀ ਗਈ ਸੀ। ਜਾਣਕਾਰੀ ਮੁਤਾਬਕ ਸਾਕਸ਼ੀ ਆਹੂਜਾ ਨਾਮ ਦੀ ਔਰਤ ਘਟਨਾ ਵਾਲੇ ਦਿਨ ਸਵੇਰੇ ਕਰੀਬ ਸਾਢੇ 5 ਵਜੇ ਨਵੀਂ ਦਿੱਲੀ ਰੇਲਵੇ ਸਟੇਸ਼ਨ ਪਹੁੰਚੀ ਸੀ। ਇਸ ਦੌਰਾਨ ਔਰਤ ਨਾਲ 2 ਔਰਤਾਂ ਅਤੇ 3 ਬੱਚੇ ਸਨ।


ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਜੱਟ ਸਿੱਖ ਸੰਧੂ ਲੜਕਾ, ਉਮਰ 33 ਸਾਲ, ਕੱਦ 5 ਫੁਟ, 11 ਇੰਚ, 12ਵੀਂ ਪਾਸ, ਵਰਕ ਪਰਮਿਟ ਦੋ ਸਾਲ, ਬ੍ਰੈਂਪਟਨ, ਪਿਤਾ ਵੀ ਇੱਥੇ, ਮਾਤਾ ਵੀ ਆ ਰਹੀ ਹੈ। ਇਕਲੌਤਾ ਲੜਕਾ, ਚੰਗੀ ਜਾਇਦਾਦ, ਨਸ਼ਿਆਂ ਤੋਂ ਬਿਲਕੁਲ ਰਹਿਤ, ਭੂਆਂ ਕੋਲ ਰਹਿੰਦਾ ਹੈ, ਲਈ ਯੋਗ ਲੜਕੀ ਸਿਟੀਜ਼ਨ, ਪੀ.ਆਰ. ਹੋਵੇ। ਹੋਣ ਜਾਣਕਾਰੀ ਲਈ ਸੰਪਰਕ ਕਰੋ: 647-631-9445

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5’-3”, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com


You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਂਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਮੇਰੀ ਪਾਕਿਸਤਾਨ ਫੇਰੀ 14 - ਇਸ ਫੇਰੀ ਦਾ ਅਖੀਰਲਾ ਦਿਨ









ਡਾ. ਸੁਖਦੇਵ ਸਿੰਘ ਝੰਡ
ਫੋਨ: 97798-80184

ਉਲੀਕੇ ਗਏ ਪ੍ਰੋਗਰਾਮ ਅਨੁਸਾਰ ਅਸੀਂ 16 ਫ਼ਰਵਰੀ 2023 ਨੂੰ ਪਾਕਿਸਤਾਨ ਜਾ ਕੇ 12 ਦਿਨਾਂ ਬਾਅਦ 27 ਫ਼ਰਵਰੀ ਨੂੰ ਭਾਰਤ ਵਾਪਸ ਪਰਤ ਆਉਣਾ ਸੀ ਪਰ ਉੱਥੇ ਜਾ ਕੇ 10 ਦਿਨ ਲਾਹੌਰ ਅਤੇ ਲਹਿੰਦੇ ਪੰਜਾਬ ਦੇ ਹੋਰ ਸ਼ਹਿਰਾਂ ਦੇ ਇਤਿਹਾਸਕ ਤੇ ਧਾਰਮਿਕ ਸਥਾਨ ਵੇਖਣ ਤੋਂ ਬਾਅਦ ਮਹਿਸੂਸ ਕੀਤਾ ਕਿ ਕਈ ਮਹੱਤਵਪੂਰਨ ਥਾਵਾਂ ਤਾਂ ਸਾਡੀਆਂ ਅਜੇ ਵੇਖਣੀਆਂ ਬਾਕੀ ਹਨ। ਖਾਸ ਤੌਰ 'ਤੇ ਇਤਿਹਾਸਕ ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨ ਕਰਨੇ ਅਤੇ ਲਾਇਲਪੁਰ ਸ਼ਹਿਰ ਜਿਸ ਨੂੰ ਹੁਣ ਫੈਸਲਾਬਾਦ ਕਿਹਾ ਜਾਂਦਾ ਹੈ, ਦਾ ਟੂਰ ਤਾਂ ਸਾਡੇ ਇਸ ਟੂਰ ਪ੍ਰੋਗਰਾਮ ਵਿੱਚ ਪਹਿਲ ਦੇ ਆਧਾਰ 'ਤੇ ਸ਼ਾਮਲ ਸਨ। ਇਸ ਲਈ ਸਾਨੂੰ ਆਪਣੀ ਇਸ ਯਾਤਰਾ ਵਿੱਚ ਦੋ ਹੋਰ ਦਿਨਾਂ ਦਾ ਵਾਧਾ ਕਰਨਾ ਪਿਆ। ਗੁਰਦੁਆਰਾ ਪੰਜਾ ਸਾਹਿਬ ਜਾਣ ਵਾਲਾ ਪ੍ਰੋਗਰਾਮ ਅਸੀਂ ਇੱਕ ਦੀ ਬਜਾਏ ਦੋ ਦਿਨਾਂ ਦਾ ਕਰ ਲਿਆ ਅਤੇ ਇਸ ਵਿੱਚ ਇਸਲਾਮਾਬਾਦ, ਰਾਵਲਪਿੰਡੀ ਅਤੇ ਤਕਸ਼ਿਲਾ ਸ਼ਹਿਰ ਤੇ ਤਿੰਨ ਹਜ਼ਾਰ ਸਾਲ ਪੁਰਾਣੀ ਤਕਸ਼ਿਲਾ ਯੂਨੀਵਰਸਿਟੀ ਦੇ ਖੰਡਰ ਵੇਖਣ ਦਾ ਪ੍ਰੋਗਰਾਮ ਵੀ ਜੋੜ ਲਿਆ ਗਿਆ। ਦੋ ਦਿਨਾਂ ਦੇ ਇਸ ਵਾਧੇ ਦੇ ਬਾਵਜੂਦ ਗੁਜਰਾਂਵਾਲਾ ਅਤੇ ਹੜੱਪਾ ਜਾਣ ਦਾ ਸਾਡਾ ਸਬੱਬ ਨਾ ਬਣ ਸਕਿਆ ਅਤੇ ਅਸੀਂ ਮਨ ਨੂੰ ਸਮਝਾ ਲਿਆ ਕਿ ਚਲੋ ਕੋਈ ਗੱਲ ਨਹੀਂ, ਰੱਬ ਨੇ ਜੇਕਰ ਚਾਹਿਆ ਤਾਂ ਇਹ ਅਗਲੀ ਫੇਰੀ 'ਤੇ ਸਹੀ।

28 ਫ਼ਰਵਰੀ ਦਾ ਦਿਨ ਅਸੀਂ ਫੈਸਲਾਬਾਦ ਵੇਖਣ ਲਈ ਰਾਖਵਾਂ ਰੱਖ ਲਿਆ। ਇਸ ਦਿਨ ਉੱਥੇ ਇਸ ਸ਼ਹਿਰ ਦੀ ਯੂਨੀਵਰਸਿਟੀ ਆਫ਼ ਐਗਰੀਕਲਚਰ ਫੈਸਲਾਬਾਦ (ਯੂਏਐੱਫ਼) ਅਤੇ ਘੰਟਾ-ਘਰ ਚੌਂਕ ਜਾ ਕੇ ਵੇਖੇ। ਗਰੁੱਪ ਦੇ ਇੱਕ ਮੈਂਬਰ ਦੀ ਤਬੀਅਤ ਢਿੱਲੀ ਹੋ ਜਾਣ ਕਾਰਨ ਸਾਨੂੰ ਲਾਹੌਰ ਵਾਪਸ ਜਲਦੀ ਮੁੜਨਾ ਪਿਆ ਅਤੇ ਉਸ ਨੂੰ ਹਸਪਤਾਲ ਲਿਜਾਣਾ ਪਿਆ। ਓਸੇ ਦਿਨ ਹੀ ਸ਼ਾਮ ਨੂੰ ਲਹਿੰਦੇ ਪੰਜਾਬ ਦੇ ਮਸ਼ਹੂਰ ਕਾਮੇਡੀਅਨ ਕਲਾਕਾਰਾਂ ਨੂੰ ਹੋਟਲ ਵਿੱਚ ਖਾਣੇ 'ਤੇ ਬੁਲਾਇਆ ਹੋਇਆ ਸੀ। ਉਨ੍ਹਾਂ ਦੇ ਨਾਲ 'ਪੰਜਾਬੀ ਪ੍ਰਚਾਰ ਟੀ.ਵੀ.' ਅਤੇ 'ਪੰਜਾਬੀ ਨੈਸ਼ਨਲ ਟੀ.ਵੀ.' ਲਈ ਇੰਟਰਵਿਊ ਵੀ ਕਰਨੀ ਸੀ ਅਤੇ ਇਹ ਇੰਟਰਵਿਓ ਰਾਤ ਦੇ ਗਿਆਰਾਂ ਵਜੇ ਤੀਕ ਚੱਲਦੀ ਰਹੀ। ਇਸ ਤਰ੍ਹਾਂ ਸਾਡਾ ਇਹ ਦਿਨ ਬੜਾ ਰੁਝੇਵਿਆਂ ਭਰਿਆ ਰਿਹਾ ਅਤੇ ਆਪਣੇ ਸਮਾਨ ਦੀ ਬਹੁਤੀ ਪੈਕਿੰਗ ਵੀ ਸਾਡੇ ਵੱਲੋਂ ਰਾਤ ਗਿਆਰਾਂ ਵਜੇ ਤੋਂ ਬਾਅਦ ਹੀ ਕੀਤੀ ਜਾ ਸਕੀ।

### ਵਾਪਸੀ ਦੀ ਤਿਆਰੀ

ਸਵੇਰੇ ਸਾਡੇ ਨੌਂ ਵਜੇ ਨਾਸ਼ਤਾ ਕਰਨ ਤੋਂ ਬਾਅਦ ਅਸੀਂ ਬਾਕੀ ਰਹਿੰਦਾ ਸਮਾਨ ਵੀ ਪੈਕ ਕਰ ਲਿਆ ਅਤੇ ਹੇਠਾਂ ਆ ਕੇ ਹੋਟਲ ਵਾਲਿਆਂ ਦਾ ਰਹਿੰਦਾ ਹਿਸਾਬ-ਕਿਤਾਬ ਚੁਕਾਇਆ। ਏਨੇ ਨੂੰ ਸਾਡੇ ਤਿੰਨੇ ਮੇਜ਼ਬਾਨ ਵੀ ਹੋਟਲ ਪਹੁੰਚ ਗਏ। 'ਪੰਜਾਬੀ ਪ੍ਰਚਾਰ ਟੀ.ਵੀ.' ਵੱਲੋਂ ਲਹਿੰਦੇ ਪੰਜਾਬ ਵਿੱਚ ਪੰਜਾਬੀ ਬੋਲੀ ਦੀ ਬੇਹਤਰੀ ਲਈ ਕੀਤੇ ਜਾ ਰਹੇ ਕਾਰਜਾਂ ਦੀ ਹੌਸਲਾ-ਅਫ਼ਜ਼ਾਈ ਲਈ ਅਸੀਂ ਕੁਝ ਮਾਇਆ ਮਦਦ ਦੇ ਰੂਪ ਵਿੱਚ ਅਹਿਮਦ ਰਜ਼ਾ ਦੇ ਹਵਾਲੇ ਕੀਤੀ। ਇਸ ਤੋਂ ਪਹਿਲੇ ਦਿਨ ਹਸਪਤਾਲ ਤੋਂ ਵਾਪਸ ਆਉਂਦਿਆਂ ਕਾਹਲੀ ਕਾਹਲੀ ਵਿੱਚ ਅਸੀਂ ਸੁਹੇਲ ਮਾਮੂੰਕਾ ਦੀ ਬੇਟੀ ਨੂੰ ਪਿਆਰ ਨਹੀਂ ਦੇ ਸਕੇ ਸੀ। ਸੋ ਉਸ ਦਾ ਬਣਦਾ 'ਪਿਆਰ' ਸੁਹੇਲ ਦੇ ਹਵਾਲੇ ਕੀਤਾ। ਆਪਣੇ ਬੱਚਿਆਂ ਵਰਗੇ ਕੈਮਰਾਮੈਨ ਫੈਸਲ ਅਲੀ ਨੂੰ ਵੀ ਪਿਆਰ ਦਿੱਤਾ ਅਤੇ ਉਸ ਦੇ ਕੋਲੋਂ ਕੈਮਰੇ ਵਾਲੇ ਕੰਮ ਦੇ ਨਾਲ ਨਾਲ ਪ੍ਰਾਈਵੇਟ ਤੌਰ 'ਤੇ ਜਲਦੀ ਤੋਂ ਜਲਦੀ ਗਰੈਜੂਏਸ਼ਨ ਕਰਨ ਦਾ ਵਾਅਦਾ ਲਿਆ।

### ਵਾਪਸ ਆਉਂਦਿਆਂ ਰਜ਼ਾ ਨੇ ਆਪਣੀ ਬਣ ਰਹੀ ਨਵੀਂ ਕੋਠੀ ਵਿਖਾਈ

ਹੋਟਲ ਦੇ ਕਰਮਚਾਰੀਆਂ ਨੇ ਸਾਡਾ ਸਮਾਨ ਗੱਡੀ ਵਿੱਚ ਟਿਕਾਇਆ ਅਤੇ ਅਸੀਂ ਘਰ-ਵਾਪਸੀ ਦੇ ਰਸਤੇ ਪੈ ਗਏ। ਲਾਹੌਰ ਤੋਂ ਵਾਹਗੇ ਵੱਲ ਆਉਂਦੀ ਸੜਕ ਦੇ ਖੱਬੇ ਪਾਸੇ ਬਣ ਰਹੀ ਇੱਕ ਕਾਲੋਨੀ ਵਿੱਚ ਅਹਿਮਦ ਰਜ਼ਾ ਆਪਣਾ ਨਵਾਂ ਘਰ ਬਣਵਾ ਰਹੇ ਸਨ ਅਤੇ ਉਹ ਇਹ ਸਾਨੂੰ ਵਿਖਾਉਣਾ ਚਾਹੁੰਦੇ ਸਨ। ਉਨ੍ਹਾਂ ਸੁਹੇਲ ਨੂੰ ਗੱਡੀ ਓਧਰ ਨੂੰ ਮੋੜਨ ਲਈ ਕਿਹਾ। ਕੁਝ ਮਿੰਟਾਂ ਵਿੱਚ ਹੀ ਅਸੀਂ ਬਣ ਰਹੀ ਉਸ ਕੋਠੀ ਦੇ ਸਾਹਮਣੇ ਸੀ। ਕੋਠੀ ਦਾ ਢਾਂਚਾ ਲੱਗਭੱਗ ਤਿਆਰ ਹੋ ਚੁੱਕਾ ਸੀ ਅਤੇ ਅੰਦਰ ਪਲੱਸਤਰ ਵਗੈਰਾ ਦਾ ਕੰਮ ਚੱਲ ਰਿਹਾ ਸੀ। ਰਜ਼ਾ ਕਹਿ ਰਹੇ ਸਨ, "ਅਗਲੀ ਵਾਰ ਤੁਹਾਨੂੰ ਇਸ ਨਵੇਂ ਘਰ ਵਿੱਚ ਠਹਿਰਾਇਆ ਜਾਏਗਾ। ਮੇਰਾ ਕਿਰਾਏ ਵਾਲਾ ਮੌਜੂਦਾ ਘਰ ਬਹੁਤ ਛੋਟਾ ਹੈ ਅਤੇ ਏਸੇ ਲਈ ਮੈਂ ਤੁਹਾਨੂੰ ਉੱਥੇ ਠਹਿਰਨ ਦੀ ਝੂਠੀ-ਮੂਠੀ ਦੀ ਸੁਲ੍ਹਾ ਵੀ ਨਹੀਂ ਮਾਰ ਸਕਿਆ।" ਬਾਹਰੋਂ ਹੀ ਇਹ ਬਣ ਰਹੀ ਕੋਠੀ ਸਾਨੂੰ ਵਿਖਾ ਕੇ ਰਜ਼ਾ ਨੇ ਸੁਹੇਲ ਨੂੰ ਗੱਡੀ ਜਲਦੀ ਵਾਹਗਾ ਬਾਰਡਰ ਵੱਲ ਤੋਰਨ ਲਈ ਆਖਿਆ, ਕਿਉਂਕਿ ਨਿਰਧਾਰਿਤ ਨਿਯਮਾਂ ਅਨੁਸਾਰ ਬਾਅਦ ਦੁਪਹਿਰ ਇੱਕ ਵਜੇ ਤੋਂ ਪਹਿਲਾਂ ਯਾਤਰੀਆਂ ਲਈ ਵਾਹਗਾ ਸਰਹੱਦ ਪਾਰ ਕਰਨਾ ਜ਼ਰੂਰੀ ਹੁੰਦਾ ਹੈ।

### ਸਾਥੀਆਂ ਨਾਲੋਂ ਵਿਛੜਨ ਦੀਆਂ ਘੜੀਆਂ ਆ ਗਈਆਂ

ਦੁਪਹਿਰੇ ਬਾਰਾਂ ਕੁ ਵਜੇ ਅਸੀਂ ਵਾਹਗਾ ਬਾਰਡਰ ਪਹੁੰਚ ਗਏ। ਪਾਕਿਸਤਾਨੀ ਕੁਲੀਆਂ ਨੇ ਸਮਾਨ ਗੱਡੀ ਵਿੱਚੋਂ ਕੱਢ ਕੇ ਆਪਣੀਆਂ ਟਰਾਲੀਆਂ 'ਤੇ ਲੱਦ ਲਿਆ। ਪੂਰੇ ਚੌਦਾਂ ਦਿਨ ਜਿਨ੍ਹਾਂ ਦੇ ਨਾਲ ਅਸੀਂ ਸਾਰਾ ਸਾਰਾ ਦਿਨ ਲਹਿੰਦੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਵਿੱਚ ਘੁੰਮਦੇ ਰਹੇ ਸਾਂ, ਉਨ੍ਹਾਂ ਕੋਲੋਂ ਹੁਣ ਵਿਛੜਨ ਦਾ ਸਮਾਂ ਆ ਗਿਆ। ਅਸੀਂ ਅਹਿਮਦ ਰਜ਼ਾ, ਸੁਹੇਲ ਅਤੇ ਫੈਸਲ ਨੂੰ ਘੁੱਟ-ਘੁੱਟ ਕੇ ਜੱਫੀਆਂ ਪਾ ਕੇ ਮਿਲੇ। ਇਸ ਦੌਰਾਨ ਸਾਰਿਆਂ ਦੀਆਂ ਅੱਖਾਂ ਆਪ-ਮੁਹਾਰੇ ਨਮ ਹੋ ਗਈਆਂ ਅਤੇ ਮੂੰਹਾਂ ਵਿੱਚੋਂ ਬੋਲ ਨਿਕਲਣੇ ਵੀ ਮੁਸ਼ਕਲ ਹੋ ਗਏ। ਅੱਖਾਂ 'ਚੋਂ ਪਰਲ ਪਰਲ ਵਗ ਰਹੇ ਹੰਝੂਆਂ ਦੀ ਆਪਣੀ ਹੀ ਮੂਕ ਭਾਸ਼ਾ ਚੱਲ ਰਹੀ ਸੀ ਜਿਸ ਨੂੰ ਸਮਝਣ ਦੀ ਨਹੀਂ, ਸਗੋਂ ਮਹਿਸੂਸ ਕਰਨ ਦੀ ਗੱਲ ਸੀ ਅਤੇ ਉਸ ਸਮੇਂ ਸਾਰੇ ਇਹ ਭਲੀ-ਭਾਂਤ ਮਹਿਸੂਸ ਕਰ ਰਹੇ ਸਨ। ਬੜੀ ਮੁਸ਼ਕਲ ਨਾਲ ਮੈਂ ਪ੍ਰਕਾਸ਼ ਸਾਥੀ ਦੀ ਗ਼ਜ਼ਲ ਦਾ ਇਹ ਸ਼ਿਅਰ ਦੋ-ਤਿੰਨ ਹਟਕੋਰਿਆਂ ਦੇ ਦਰਮਿਆਨ ਸਾਂਝਾ ਕਰ ਸਕਿਆ ਸੀ:

"ਕਿੰਨੀ ਖੁਸੀ ਸੀ ਤੇਰੇ ਮਿਲਣ ਦੀ, ਕਿੰਨੀ ਉਦਾਸੀ ਏ ਜਾਣ ਲੱਗਿਆਂ,
ਸਾਡਾ ਤਾਂ ਦਿਲ ਸੀ ਕੱਖਾਂ ਤੋਂ ਹੌਲ਼ਾ, ਤੁਸੀਂ ਵੀ ਰੋ ਪਏ ਵਰਾਣ ਲੱਗਿਆਂ।"

ਸਿਆਣਿਆਂ ਨੇ ਬਿਲਕੁਲ ਸਹੀ ਕਿਹਾ ਹੈ ਕਿ ਸੱਜਣਾਂ ਕੋਲ਼ੋਂ ਵਿਛੜਨ ਦੀਆਂ ਘੜੀਆਂ ਬੜੀਆਂ ਔਖੀਆਂ ਹੁੰਦੀਆਂ ਹਨ ਅਤੇ ਅਸੀਂ ਇਹ ਉਸ ਸਮੇਂ ਆਪਣੇ ਹੱਡੀਂ ਮਹਿਸੂਸ ਕਰ ਰਹੇ ਸੀ। ਪੰਦਰਾਂ-ਵੀਹ ਮਿੰਟ ਤਾਂ ਸਾਨੂੰ ਇੱਕ-ਦੂਸਰੇ ਕੋਲੋਂ ਵਿੱਛੜਦਿਆਂ ਹੀ ਲੱਗ ਗਏ। ਅਖੀਰ ਸਾਰਿਆਂ ਨੇ ਇੱਕ-ਦੂਸਰੇ ਨੂੰ 'ਬਾਏ-ਬਾਏ' ਕਿਹਾ ਅਤੇ ਅਸੀਂ ਆਪਣੇ ਕੁੱਲੀਆਂ ਦੇ ਨਾਲ ਪਾਕਿਸਤਾਨ ਦੇ ਇਮੀਗਰੇਸ਼ਨ ਦੀ ਇਮਾਰਤ ਵੱਲ ਨੂੰ ਚੱਲ ਪਏ। ਪਿੱਛੇ ਭੌਂਅ ਕੇ ਵੇਖਿਆ ਤਾਂ ਰਜ਼ਾ, ਸੁਹੇਲ ਤੇ ਫੈਸਲ ਰੁਮਾਲਾਂ ਨਾਲ ਆਪਣੀਆਂ ਅੱਖਾਂ ਪੂੰਝ ਰਹੇ ਸਨ। ਇਹ ਕਿਹੋ ਜਿਹੀ ਮੁਹੱਬਤ ਸੀ ਜਿਸ ਦੀਆਂ ਪੀਡੀਆਂ ਤੰਦਾਂ ਵਿੱਚ ਅਸੀਂ ਪਿਛਲੇ 14 ਦਿਨਾਂ ਵਿੱਚ ਏਨਾ ਕੱਸ ਕੇ ਜਕੜੇ ਗਏ ਸੀ ਕਿ ਉਹ ਹੁਣ ਸਾਨੂੰ ਬੁਰੀ ਤਰ੍ਹਾਂ ਸਤਾ ਰਹੀਆਂ ਸਨ।

### ਪਾਕਿਸਤਾਨ ਇਮੀਗਰੇਸ਼ਨ ਅਧਿਕਾਰੀਆਂ ਵੱਲੋਂ 'ਨਿੱਘੀ-ਵਿਦਾਇਗੀ'

ਵਾਪਸੀ 'ਤੇ ਪਾਕਿਸਤਾਨ ਇਮੀਗਰੇਸ਼ਨ ਅਧਿਕਾਰੀਆਂ ਵੱਲੋਂ ਖਿੜੇ ਮੱਥੇ ਵਿਦਾਇਗੀ ਦੀਆਂ ਸ਼ੁਭ-ਕਾਮਨਾਵਾਂ ਦਿੱਤੀਆਂ ਗਈਆਂ। ਜਦੋਂ ਅਸੀਂ ਆਪਣੇ ਪਾਸਪੋਰਟ ਉਨ੍ਹਾਂ ਦੇ ਅੱਗੇ ਕੀਤੇ ਤਾਂ ਇੱਕ ਅਧਿਕਾਰੀ ਬੜੇ ਖੁਸ਼ ਹੁੰਦਿਆਂ ਸਾਨੂੰ ਪੁੱਛਿਆ, "ਸਰਦਾਰ ਜੀ, ਕੈਸੀ ਰਹੀ ਤੁਹਾਡੀ ਪਾਕਿਸਤਾਨ ਯਾਤਰਾ।" ਮੈਂ ਅੱਗੋਂ ਜੁਆਬ ਦਿੱਤਾ, "ਬਹੁਤ ਹੀ ਵਧੀਆ ਰਹੀ। ਅਸੀਂ ਪਿੰਡ ਤੇ ਸ਼ਹਿਰਾਂ ਵਿੱਚ ਜਿੱਥੇ ਕਿਤੇ ਵੀ ਗਏ, ਸਾਨੂੰ ਲੋਕਾਂ ਵੱਲੋਂ ਬਹੁਤ ਹੀ ਮਾਣ ਸਤਿਕਾਰ ਮਿਲਿਆ। ਸਾਨੂੰ ਇਹ ਆਪਣੀ ਪਾਕਿਸਤਾਨ ਫੇਰੀ ਸਾਰੀ ਉਮਰ ਯਾਦ ਰਹੇਗੀ।"

ਨਾਲ ਬੈਠਾ ਇੱਕ ਹੋਰ ਅਧਿਕਾਰੀ ਕਹਿਣ ਲੱਗਾ, "ਫਿਰ ਆਉਣਾ ਦੁਬਾਰਾ, ਸਰਦਾਰ ਜੀ।" ਤਾਂ ਇਸ ਦੇ ਜੁਆਬ 'ਚ ਮੈਂ ਕਿਹਾ, "ਹਾਂ ਜੀ, ਦੁਬਾਰਾ ਆਉਣਾ ਹੀ ਪਵੇਗਾ। ਅਜੇ ਤਾਂ ਸਾਡੀਆਂ ਬਹੁਤ ਸਾਰੀਆਂ ਥਾਵਾਂ ਵੇਖਣੀਆਂ ਬਾਕੀ ਰਹਿ ਗਈਆਂ ਨੇ।" "ਜ਼ਰੂਰ ਜੀ, ਬਰ-ਜ਼ਰੂਰ। ਜੀ ਆਇਆਂ ਨੂੰ, ਸਰਦਾਰ ਜੀ।" ਇਹ ਅੱਗੋਂ ਉਸ ਦਾ ਜੁਆਬ ਸੀ। ਇਸ ਦੇ ਨਾਲ ਹੀ ਉਸ ਨੇ ਸਾਨੂੰ ਚਾਹ ਦੀ ਸੁਲ੍ਹਾ ਵੀ ਮਾਰੀ ਜਿਸ ਦੀ ਅਸੀਂ ਧੰਨਵਾਦ ਸਹਿਤ ਮੁਆਫੀ ਮੰਗੀ, ਕਿਉਂਕਿ ਉਨ੍ਹਾਂ ਦਾ ਲੰਚ-ਟਾਈਮ ਹੋਣ ਵਾਲਾ ਸੀ ਅਤੇ ਅਸੀਂ ਵੀ ਇੱਕ ਵਜੇ ਤੋਂ ਪਹਿਲਾਂ ਭਾਰਤ ਵਾਪਸ ਆਉਣ ਲਈ ਸਰਹੱਦੀ ਗੇਟ ਵੀ ਟੱਪਣੇ ਸੀ। ਇਸ ਸੰਖੇਪ ਜਿਹੀ ਮੋਹ ਭਰੀ ਗੱਲਬਾਤ ਦੌਰਾਨ ਉਸ ਨੇ ਸਾਡੇ ਚੌਹਾਂ ਪਾਸਪੋਰਰਟਾਂ ਉੱਪਰ ਵਾਪਸੀ ਦੀਆਂ ਮੋਹਰਾਂ ਜੜ ਦਿੱਤੀਆਂ ਅਤੇ ਪੰਜਾਂ ਸੱਤਾਂ ਮਿੰਟਾਂ ਵਿੱਚ ਹੀ ਸਾਨੂੰ ਵਿਹਲਿਆਂ ਕਰ ਦਿੱਤਾ।

### ਪਾਕਿਸਤਾਨ ਰੇਂਜਰਜ਼ ਦੇ ਸਿਪਾਹੀ ਨਾਲ ਖਿਚਵਾਈ ਤਸਵੀਰ ਤੇ ਬੀ.ਐੱਸ.ਐੱਫ਼ ਦੇ ਸਿਪਾਹੀ ਵੱਲੋਂ ਹੋਇਆ ਇਨਕਾਰ

ਪਾਕਿਸਤਾਨ ਵਾਲੇ ਗੇਟ ਕੋਲ ਆ ਕੇ ਅਸੀਂ ਉੱਥੇ ਤਾਇਨਾਤ ਪਾਕਿਸਤਾਨ ਦੇ ਉੱਚੇ ਲੰਮੇਂ ਨੌਜੁਆਨ ਸਿਪਾਹੀ ਨੂੰ ਉਸ ਦੇ ਨਾਲ ਤਸਵੀਰ ਖਿਚਵਾਉਣ ਲਈ ਕਿਹਾ ਜਿਸਦੇ ਲਈ ਉਹ ਝੱਟਪੱਟ ਮੰਨ ਗਿਆ। ਮੈਂ ਆਪਣਾ ਸੈੱਲ-ਫੋਨ ਸਮਾਨ ਲਿਆ ਰਹੇ ਕੁਲੀ ਨੂੰ ਫੜਾਇਆ ਅਤੇ ਉਸ ਨੇ ਸਾਡੀਆਂ ਦੋ-ਤਿੰਨ ਤਸਵੀਰਾਂ ਖਿੱਚ ਲਈਆਂ। ਅਸੀਂ ਉਸ ਪਾਕਿਸਤਾਨ ਰੇਂਜਰਜ਼ ਦੇ ਸਿਪਾਹੀ ਅਤੇ ਕੁਲੀ ਦਾ ਧੰਨਵਾਦ ਕਰਦਿਆਂ ਹੋਇਆਂ ਆਪਣਾ ਸਮਾਨ 'ਨੋ ਮੈਨਜ਼ ਲੈਂਡ' ਦੇ ਭਾਰਤ ਵਾਲੇ ਪਾਸੇ ਰੱਖਣਾ ਸ਼ੁਰੂ ਕਰ ਦਿੱਤਾ।

ਇਸ ਦੌਰਾਨ ਮੈਂ ਗੇਟ ਦੇ ਭਾਰਤ ਵਾਲੇ ਪਾਸੇ ਖੜੇ ਬੀ.ਐੱਸ.ਐੱਫ਼. ਦੇ ਸਿਪਾਹੀ ਨੂੰ ਜਦੋਂ ਆਪਣੇ ਨਾਲ ਫੋਟੋ ਖਿਚਵਾਉਣ ਲਈ ਬੇਨਤੀ ਕੀਤੀ ਤਾਂ ਉਸ ਨੇ ਬੜਾ ਰੁੱਖਾ ਜਿਹਾ ਜੁਆਬ ਦਿੱਤਾ, "ਇਸ ਕੀ ਆਗਿਆ ਨਹੀਂ ਹੈ।" ਮੈਨੂੰ ਵੀ ਅੱਗੋਂ ਸਿਰ ਅੜਾਉਣ ਦੀ ਭੈੜੀ ਆਦਤ ਹੈ ਅਤੇ ਮੈਂ ਉਸ ਨੂੰ ਮੋੜਵੇਂ ਜੁਆਬ 'ਚ ਟੁੱਟੀ-ਫੁੱਟੀ ਹਿੰਦੀ ਵਿੱਚ ਕਿਹਾ, "ਪਾਕਿਸਤਾਨ ਰੇਂਜਰਜ਼ ਕੇ ਸਿਪਾਹੀ ਨੇ ਤੋ ਇਸ ਕੀ ਆਗਿਆ ਦੇ ਦੀ ਥੀ, ਆਪ ਕਿਉਂ ਨਹੀਂ ਦੇ ਸਕਤੇ?" ਉਹ ਅੱਗੋਂ ਹੋਰ ਵੀ ਰੁੱਖੇ ਲਹਿਜ਼ੇ ਵਿੱਚ ਬੋਲਿਆ," ਯੇਹ ਉਨਕਾ ਫੈਸਲਾ ਹੋ ਸਕਤਾ ਹੈ, ਹਮਾਰਾ ਐਸਾ ਨਹੀਂ ਹੈ।" ਸੈੱਲ ਫੋਨ ਮੇਰੇ ਸੱਜੇ ਹੱਥ 'ਚ ਸੀ ਅਤੇ ਉਸ ਦਾ ਕੈਮਰਾ ਅਜੇ 'ਔਨ' (ਖੁੱਲ੍ਹਾ) ਹੀ ਸੀ। ਉਸ ਦੇ ਵੱਲੋਂ ਕੀਤੀ ਜਾ ਰਹੀਂ ਨਾਂਹ-ਨੁੱਕਰ ਦੇ ਦੌਰਾਨ ਹੀ ਮੈਂ ਪਤਨੀ ਜਗਦੀਸ਼, ਭੈਣ ਗੁਰਚਰਨ ਅਤੇ ਜੀਜਾ ਜੀ ਸੁਖਵਿੰਦਰ ਸਿੰਘ ਵੱਲੋਂ ਭਾਰਤ ਦਾ ਗੇਟ ਟੱਪਦਿਆਂ ਦੀਆਂ ਦੋ ਤਸਵੀਰਾਂ ਲੈ ਲਈਆਂ। ਮੈਂ ਸੋਚਿਆ, ਵੇਖੀ ਜਾਏਗੀ, ਸਰਹੱਦ ਪਾਰ ਕਰਦਿਆਂ ਫੋਟੋਆਂ ਲੈਣ ਦਾ ਇਹ ਕਿੰਨਾ ਕੁ ਵੱਡਾ ਅਪਰਾਧ ਹੋ ਸਕਦਾ ਹੈ। ਉਂਜ, ਇੱਕ ਪਲ ਲਈ ਇਹ ਸੋਚ ਵੀ ਮੇਰੇ ਮਨ 'ਚ ਆਈ ਕਿ ਰੁੱਖਾ ਜਿਹਾ ਇਹ ਸਿਪਾਹੀ ਕਿਧਰੇ ਮੇਰਾ ਕੀਮਤੀ ਆਈ ਫੋਨ ਹੀ ਆਪਣੇ ਕਬਜ਼ੇ 'ਚ ਨਾ ਕਰ ਲਵੇ।

ਇਸ ਤੋਂ ਵੀ ਵਧੇਰੇ ਮੈਨੂੰ ਇਹ ਡਰ ਸੀ ਕਿ ਆਪਣੀ ਇਸ ਪਾਕਿਸਤਾਨੀ ਫੇਰੀ ਦੌਰਾਨ ਮੈਂ ਇਸ ਵਿਚ ਸੈਂਕੜੇ ਹੀ ਕੀਮਤੀ ਤਸਵੀਰਾਂ ਕਲਿੱਕ ਕੀਤੀਆਂ ਸਨ ਅਤੇ ਉਨ੍ਹਾਂ ਦਾ ਕੀ ਬਣੇਗਾ। ਪਰ ਸ਼ੁਕਰ ਹੈ ਕਿ ਇਹ ਮਾੜੀ ਸੋਚ ਉਸ ਸਿਪਾਹੀ ਦੇ ਦਿਮਾਗ਼ 'ਚ ਨਹੀਂ ਆਈ। ਰੱਬ ਸੱਚੇ ਦਾ ਧੰਨਵਾਦ ਕਰਦਿਆਂ ਅਸੀਂ ਆਪਣਾ ਸਮਾਨ ਭਾਰਤੀ ਗੇਟ ਦੇ ਏਧਰਲੇ ਪਾਸੇ ਰੱਖਿਆ ਅਤੇ ਦੋ ਟਰਾਲੀਆਂ ਲਿਆ ਕੇ ਉਨਾਂ ਵਿੱਚ ਟਿਕਾਇਆ।

### ਭਾਰਤੀ ਗੇਟ ਤੋਂ ਇਮੀਗਰੇਸ਼ਨ ਦਫ਼ਤਰ ਤੱਕ ਪਹੁੰਚਣ ਵਿੱਚ ਲੱਗੀ ਬੇਲੋੜੀ ਦੇਰੀ

ਯਾਤਰੀਆਂ ਦੇ ਭਾਰਤੀ ਗੇਟ ਤੋਂ ਇਮੀਗਰੇਸ਼ਨ ਦਫ਼ਤਰ ਤੱਕ ਆਉਣ ਲਈ ਮਿੰਨੀ ਬੱਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਬੱਸ ਬੜੀ ਪੁਰਾਣੀ ਅਤੇ ਖ਼ਸਤਾ ਹਾਲਤ ਵਿੱਚ ਹੈ। ਇਸ ਦੀਆਂ ਫਟੀਆਂ ਹੋਈਆਂ ਸਨ ਅਤੇ ਉਨ੍ਹਾਂ ਵਿਚਲਾ ਫੋਮ ਕਈ ਥਾਵਾਂ ਤੋਂ ਬਾਹਰ ਝਾਕ ਰਿਹਾ ਸੀ। ਇਸ ਦੀ 'ਖ਼ੂਬਸੂਰਤ ਝਕਲ' ਆਉਂਦੀ ਵਾਰੀ ਆਪਣੀ ਇਸ ਫੇਰੀ ਦੇ ਪਹਿਲੇ ਦਿਨ ਅਸੀਂ ਚੰਗੀ ਤਰ੍ਹਾਂ ਵੇਖ ਚੁੱਕੇ ਸੀ। ਸਮਾਨ ਵਾਲੀਆਂ ਟਰਾਲੀਆਂ ਇੱਕ ਬੈਂਚ ਦੇ ਸਾਹਮਣੇ ਖਲਿਆਰ ਕੇ ਅਸੀਂ ਹੋਰ ਯਾਤਰੀਆਂ ਨਾਲ ਇਸ ਬੱਸ ਦੀ ਉਡੀਕ ਕਰਨ ਲੱਗ ਪਏ। ਪੌਣੇ ਘੰਟੇ ਬਾਅਦ ਇਹ ਬੱਸ ਆਈ। ਅਸੀਂ ਆਪਣਾ ਸਮਾਨ ਇਸ ਦੇ ਪਿਛਲੇ ਪਾਸੇ ਬਣੀ ਡਿੱਕੀ ਵਿੱਚ ਟਿਕਾਇਆ ਅਤੇ ਕੰਡਕਟਰ ਵੱਲੋਂ ਦਿੱਤੀ ਜਾ ਰਹੀ ਹਿਦਾਇਤ "ਮੋਹਰਲੀਆਂ ਚਾਰ ਸੀਟਾਂ ਛੱਡ ਕੇ ਬੈਠੋ ਜੀ" ਦੀ ਪਾਲਣਾ ਕਰਦਿਆਂ ਹੋਇਆਂ ਪੰਜਵੀ ਤੇ ਛੇਵੀਂ ਸੀਟਾਂ 'ਤੇ ਬਿਰਾਜਮਾਨ ਹੋ ਗਏ। ਅਸੀਂ ਸੋਚਿਆ, ਹੋ ਸਕਦਾ ਹੈ, ਇਨ੍ਹਾਂ ਮੋਹਰਲੀਆਂ ਸੀਟਾਂ 'ਤੇ ਕੰਡਕਟਰ ਨੇ ਕਿਸੇ ਖਾਸ ਬੰਦਿਆਂ ਨੂੰ ਬਿਠਾਉਣਾ ਹੋਵੇ। ਪਰ ਸਾਡੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਪੂਰੀ ਬੱਸ ਭਰ ਜਾਣ ਤੋਂ ਬਾਅਦ ਕਈ ਸਵਾਰੀਆਂ ਬੱਸ ਵਿੱਚ ਖੜੀਆਂ ਸਨ ਤਾਂ ਕੰਡਕਟਰ ਨੇ ਉਨ੍ਹਾਂ ਅਗਲੀਆਂ ਖਾਲੀ ਸੀਟਾਂ 'ਤੇ ਵੱਡੇ ਅਤੇ ਛੋਟੇ ਬੈਗ ਚਿਣਨੇ ਸ਼ੁਰੂ ਕਰ ਦਿੱਤੇ ਜੋ ਬੱਸ ਦੀ ਡਿੱਕੀ ਵਿੱਚ ਨਹੀਂ ਸਮਾਅ ਸਕੇ ਸਨ। ਹਰੇਕ ਸੀਟ 'ਤੇ ਰੱਖੇ ਗਏ ਤਿੰਨ-ਤਿੰਨ, ਚਾਰ-ਚਾਰ ਵੱਡੇ ਤੇ ਛੋਟੇ ਬੈਗ ਬੱਸ ਦੀ ਛੱਤ ਨੂੰ ਛੋਹ ਰਹੇ ਸਨ।

ਬੱਸ ਤੂੜੀ ਵਾਂਗ ਭਰੀ ਜਾਣ ਤੋਂ ਬਾਅਦ ਇਸ ਦੇ ਚੱਲਣ ਦੀ ਉਡੀਕ ਹੋਣ ਲੱਗੀ। ਡਰਾਈਵਰ ਨੂੰ ਜਦੋਂ ਇਹ ਚਲਾਉਣ ਲਈ ਕਿਹਾ ਗਿਆ ਤਾਂ ਉਸ ਦਾ ਜੁਆਬ ਸੀ, "ਬੱਸ ਦੇ ਨਾਲ ਜਾਣ ਵਾਲਾ ਬੀ.ਐੱਸ.ਐੱਫ਼. ਦਾ ਸਿਪਾਹੀ 'ਲੰਚ' ਕਰ ਰਿਹਾ ਹੈ ਅਤੇ ਉਸ ਦੇ ਆਉਣ 'ਤੇ ਹੀ ਬੱਸ ਚੱਲੇਗੀ। ਹੁਣ ਉਸ 'ਮੌਕੇ ਦੇ 'ਅਫ਼ਸਰ' (ਬੀ.ਐੱਸ.ਐੱਫ਼. ਦੇ ਸਿਪਾਹੀ) ਦੇ ਆਉਣ ਦੀ ਉਡੀਕ ਹੋਣ ਲੱਗ ਪਈ। ਕੋਈ ਅੱਧੇ ਕੁ ਘੰਟੇ ਬਾਅਦ ਉਹ 'ਅਫ਼ਸਰ' ਅਪਣੀ ਮਸਤ ਚਾਲੇ ਤੁਰਦਾ ਹੋਇਆ ਆਇਆ ਅਤੇ ਹੱਥ ਵਿੱਚ ਫੜੀ ਲਿਸਟ ਅਨੁਸਾਰ ਨਾਂ ਬੋਲ ਬੋਲ ਕੇ ਬੱਸ ਦੀਆਂ ਸਵਾਰੀਆਂ ਦੀ ਹਾਜ਼ਰੀ ਲਾਉਣ ਲੱਗ ਪਿਆ ਜਿਸ ਦਾ ਜੁਆਬ ਕਈ ਉਸ ਨੂੰ ਮਖੌਲ ਨਾਲ ਸਕੂਲ ਦੇ ਵਿਦਿਆਰਥੀਆਂ ਵਾਂਗ "ਯੈੱਸ ਸਰ" ਤੇ 'ਪਰੈਜ਼ੈਂਟ ਸਰ" ਨਾਲ ਦੇਣ ਲੱਗ ਪਏ ਜਿਸ 'ਤੇ ਬੱਸ ਵਿੱਚ ਕੁਝ ਸਮੇਂ ਲਈ ਤਾਂ ਵਾਹਵਾ ਈ ਹਾਸਾ ਖਿੱਲਰ ਗਿਆ।

### ਇਮੀਗਰੇਸ਼ਨ ਤੇ ਕਸਟਮ ਵਾਲਿਆਂ ਨੇ ਵੀ ਅੱਧਾ ਘੰਟਾ ਲਾ ਦਿੱਤਾ

ਮਿੰਨੀ-ਬੱਸ ਅਤੇ ਬੀ.ਐੱਸ.ਐੱਫ਼. ਦੇ ਉਸ 'ਅਫ਼ਸਰ' ਦੀ ਉਡੀਕ ਕਰਦਿਆਂ ਡੇਢ ਘੰਟਾ ਹੋ ਗਿਆ ਸੀ। ਸਾਰੀਆਂ ਸਵਾਰੀਆਂ ਕਾਹਲੀਆਂ ਪਈਆਂ ਹੋਈਆਂ ਸਨ ਅਤੇ ਉਹ ਡਰਾਈਵਰ ਨੂੰ ਬੱਸ ਜਲਦੀ ਚਲਾਉਣ ਲਈ ਕਹਿ ਰਹੀਆਂ ਸਨ। ਖੈਰ, ਉਹ 'ਸ਼ੁਭ-ਘੜੀ' ਵੀ ਆ ਗਈ ਅਤੇ ਬੱਸ ਆਪਣੀ 'ਮੰਜ਼ਲੇ-ਮਕਸੂਦ' ਵੱਲ ਚੱਲ ਪਈ। ਇਹ ਮੰਜ਼ਲ ਵੀ ਕਿਹੜੀ ਕੋਹਾਂ ਦੂਰ ਸੀ। ਭਾਰਤੀ ਸਰਹੱਦੀ ਗੇਟ ਤੋਂ ਇਮੀਗਰੇਸ਼ਨ ਦਫ਼ਤਰ ਮਸਾਂ ਇੱਕ ਕਿਲੋਮੀਟਰ ਹੀ ਦੂਰ ਹੋਵੇਗਾ ਅਤੇ ਇੱਥੇ ਪਹੁੰਚਣ ਲਈ ਪੰਜ ਕੁ ਮਿੰਟ ਹੀ ਲੱਗਦੇ ਹਨ। ਫਿਰ ਪਤਾ ਨਹੀਂ ਇਸ 'ਲੰਮੇਂ ਸਫ਼ਰ' ਲਈ ਏਨੀ 'ਸ਼ਾਨਦਾਰ ਮਿੰਨੀ-ਬੱਸ ਸਰਵਿਸ' ਦਾ ਪ੍ਰਬੰਧ ਕਿਉਂ ਕੀਤਾ ਗਿਆ ਹੈ। ਹੋ ਸਕਦਾ ਹੈ, ਇਹ ਪਾਕਿਸਤਾਨ ਜਾਣ-ਆਉਣ ਵਾਲਿਆਂ ਦੇ 'ਮਾਣ-ਸਤਿਕਾਰ' ਲਈ ਹੋਵੇ ਜਾਂ ਫਿਰ ਇਹ ਸਕਿਉਰਿਟੀ ਪੱਖੋਂ ਕੀਤਾ ਗਿਆ ਹੋਵੇ ਪਰ ਯਾਤਰੀਆਂ ਦੀ ਸਹੂਲਤ ਦਾ ਵੀ ਤਾਂ ਖਿਆਲ ਰੱਖਣਾ ਚਾਹੀਦਾ ਹੈ। ਪਾਕਿਸਤਾਨ ਵਾਲੇ ਪਾਸਿਉਂ ਤਾਂ ਕੁਲੀ ਪਾਕਿਸਤਾਨ ਗੇਟ ਤੱਕ ਆ ਜਾਂਦੇ ਹਨ ਅਤੇ ਓਧਰ ਅਜਿਹੀ ਕਿਸੇ ਬੱਸ ਸਰਵਿਸ ਦੀ ਲੋੜ ਨਹੀਂ ਹੈ ਜਦ ਕਿ ਭਾਰਤੀ ਕੁਲੀ ਇਮੀਗਰੇਸ਼ਨ ਦਫ਼ਤਰ ਤੱਕ ਹੀ ਜਾ ਸਕਦੇ ਹਨ ਅਤੇ ਅੱਗੋਂ ਇਸ 'ਮਿੰਨੀ-ਬਸ ਸਰਵਿਸ' ਰਾਹੀਂ ਗੇਟ ਤੱਕ ਜਾਣਾ ਪੈਂਦਾ ਹੈ।

ਸਰਕਾਰੀ ਨਿਯਮਾਂ ਅਨੁਸਾਰ ਜੇਕਰ ਇਹ ਸੱਭ ਜ਼ਰੂਰੀ ਹੈ ਤਾਂ ਘੱਟੋ-ਘੱਟ ਮਿੰਨੀ-ਬੱਸ ਤਾਂ ਭਾਰਤ ਸਰਕਾਰ ਨੂੰ ਕੋਈ ਚੱਜ ਦੀ ਲਗਾਉਣੀ ਚਾਹੀਦੀ ਹੈ ਅਤੇ ਇਸ ਦੇ ਸਰਹੱਦ ਤੱਕ ਜਾਣ-ਆਉਣ ਦੀ ਇਸ ਦੀ ਸਰਵਿਸ ਵੀ ਇੱਕ ਘੰਟੇ ਦੀ ਬਜਾਏ ਅੱਧੇ ਘੰਟੇ ਦੀ ਜਾਂ ਇਸ ਤੋਂ ਵੀ ਘੱਟ ਹੋਣੀ ਚਾਹੀਦੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਾਕਿਸਤਾਨ ਵਾਲੇ ਪਾਸਿਉਂ ਗੁਰਦੁਆਰਾ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਚੈੱਕ-ਪੋਸਟ ਤੋਂ ਗੁਰਦੁਆਰਾ ਸਾਹਿਬ ਤੱਕ ਆਉਣ ਵਾਲੇ ਸ਼ਰਧਾਲੂਆਂ ਲਈ ਇਕ ਵੱਡੀ ਸ਼ਾਨਦਾਰ ਨਵੀਂ ਨਕੋਰ 'ਵਾਲਵੋ ਬੱਸ' ਦਾ ਇੰਤਜ਼ਾਮ ਕੀਤਾ ਗਿਆ ਹੈ ਅਤੇ ਓਧਰ ਇਹ ਪੈਂਡਾ ਵੀ ਮਸਾਂ ਇੱਕ-ਡੇਢ ਕਿਲੋਮੀਟਰ ਹੀ ਬਣਦਾ ਹੈ।

ਸਾਡੀ ਇਸ ਮਿੰਨੀ-ਬੱਸ ਵਿੱਚੋਂ ਉੱਤਰੇ 15-16 ਯਾਤਰੀਆਂ ਦੇ ਪਾਸਪੋਰਟ ਵਗੈਰਾ ਚੈੱਕ ਕਰਨ ਲਈ ਭਾਰਤੀ ਇਮੀਗਰੇਸ਼ਨ ਦਫ਼ਤਰ ਵਾਲਿਆਂ ਨੇ ਅੱਧੇ ਘੰਟੇ ਵੀ ਵਧੀਕ ਸਮਾਂ ਲਾ ਦਿੱਤਾ ਅਤੇ ਅੱਗੋਂ ਕਸਟਮ ਵਾਲਿਆਂ ਦੇ ਸੁਆਲਾਂ ਦੇ ਜੁਆਬ ਦਿੰਦਿਆਂ ਵੀ ਪੰਦਰਾਂ-ਵੀਹ ਮਿੰਟ ਹੋਰ ਲੱਗ ਗਏ। ਟੈਕਸੀਆਂ ਵਾਲਿਆਂ ਨੂੰ ਭਾਰਤੀ ਇਮੀਗਰੇਸ਼ਨ ਦਫ਼ਤਰ ਦੇ ਨੇੜੇ ਆਉਣ ਦੀ ਆਗਿਆ ਨਹੀਂ ਹੈ ਅਤੇ ਉਨ੍ਹਾਂ ਦਾ ਟੈਕਸੀ ਸਟੈਂਡ ਬਾਹਰ ਜੀ.ਟੀ. ਰੋਡ ਦੇ ਖੱਬੇ ਕਿਨਾਰੇ 'ਤੇ ਹੈ। ਉੱਥੇ ਜਾਣ ਲਈ ਲੱਗਭੱਗ ਇੱਕ ਕਿਲੋਮੀਟਰ ਪੈਂਡਾ ਕੁਲੀਆਂ ਦੇ ਨਾਲ ਨਾਲ ਪੈਦਲ ਹੀ ਚੱਲਣਾ ਪੈਂਦਾ ਹੈ ਜਿਸ ਦੇ ਲਈ ਉਹ ਇੱਕ ਟਰਾਲੀ ਦੇ 500 ਰੁਪਏ ਲੈਂਦੇ ਹਨ। ਖੈਰ, ਬਾਹਰ ਸੜਕ 'ਤੇ ਆ ਕੇ ਅਸੀਂ ਟੈਕਸੀ ਲਈ ਅਤੇ ਅੱਧੇ ਕੇ ਘੰਟੇ ਵਿੱਚ ਸ਼ਾਮ ਨੂੰ ਚਾਰ ਕੁ ਵਜੇ ਅੰਮ੍ਰਿਤਸਰ ਆਪਣੇ ਘਰ ਪਹੁੰਚੇ।

ਮੇਰਾ ਮਕਸਦ ਇੱਥੇ ਕਿਸੇ ਨੂੰ ਵਡਿਆਉਣ ਜਾਂ ਕਿਸੇ ਦੀ ਨਿੰਦਾ ਕਰਨ ਦਾ ਨਹੀਂ ਹੈ ਪਰ ਦੋਹਾਂ ਸਰਕਾਰਾਂ ਦੇ ਪ੍ਰਬੰਧਾਂ ਦਾ ਮੁਕਾਬਲਾ ਕਰਨ ਦਾ ਅਤੇ ਸਰਕਾਰ ਵੱਲੋਂ ਨਾਕਸ ਪ੍ਰਬੰਧਾਂ ਵਿੱਚ ਸੁਧਾਰ ਕਰਨ ਦਾ ਜ਼ਰੂਰ ਹੈ। ਮੇਰਾ ਇਹ ਆਰਟੀਕਲ ਜੇਕਰ ਕਿਸੇ ਭਾਰਤੀ ਅਧਿਕਾਰੀ ਦੇ ਨਜ਼ਰੀਂ ਪਵੇ ਅਤੇ ਉਹ ਇਸ ਨਾਕਸ ਪ੍ਰਬੰਧ ਦੇ ਸੁਧਾਰ ਵੱਲ ਥੋੜ੍ਹਾ ਜਿਹਾ ਧਿਆਨ ਵੀ ਦੇ ਦੇਵੇ ਤਾਂ ਮੇਰਾ ਇਹ ਮਕਸਦ ਪੂਰਾ ਹੋਇਆ ਸਮਝਿਆ ਜਾਵੇਗਾ।

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd / Mcvean Dr / Gore Rd / Countryside Dr / Squire Ellis Dr
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
WWW.AAABODYSHOP.ca
mcheemaaaa@hotmail.com

**URGENTLY NEED NEW LISTINGS IN BRAMPTON/CALEDON**



visit: www.teamjagaujla.com

ADVERTISEMENT GUARANTEED TILL SOLD

# JAG AUJLA

MCNE, REAL ESTATE BROKER

**416-371-7777**

e-mail: j.aujla@rogers.com or visit: www.jagaujla.com

MCNE

**CALL JAG AUJLA FOR A QUICK & FREE HOME EVALUATION**

www.BramptonTopRealtor.com

**RECENTLY LISTED/SOLD IN YOUR NEIGHBOURHOOD**

**SHELBURNE** (Simon St /Hwy 89)



ਬਿਲਕੁਲ ਸ਼ਾਨਦਾਰ ਤੇ ਸਾਫ ਸੁਧਰਾ ਸੈਮੀ ਡਿਟੈਚ ਬੰਗਲੋਂ, ਸ਼ਾਤ ਕੰਮੂਨਿਟੀ ਵਿੱਚ, ਬਹੁਤ ਸਾਰੀਆਂ ਅਪਗ੍ਰੇਡਜ਼ ਤੇ 2023 ਵਿੱਚ ਹੋਈ ਰੈਨੋਵਸ਼ਨ। 3+2 ਬੈਡਰੂਮ ਤੇ 3 ਵਾਸ਼ਰੂਮ ਘਰ ਨੂੰ ਫਿਨੀਸ਼ਡ ਬੈਸਮੈਂਟ, ਪੋਟ ਲਾਇਟਸ ਆਦਿ।

**CAMBRIDGE** (Speedsville/Equestrian Way)



ਐਂਡ ਯੂਨਿਟ ਕਾਨ੍ਰਰ ਲਾਟ ਨੂੰ ਖੁਲ੍ਹਾ ਡੁਲ੍ਹਾ ਕਰਬ ਤੇ ਖ਼ੂਬਸੂਰਤ ਵਿਊ। 2020 ਵਿੱਚ ਬਣਿਆ, 1896 ਸਕੇਅਰ ਫੁਟ ਦਾ ਫ੍ਰੀ ਹੋਲਡ ਟਾਊਨਹੋਮ ਜਿਸ ਨੂੰ 4 ਬੈਡਰੂਮ ਤੇ 3 ਵਾਸ਼ਰੂਮ। ਲੈਮੀ-ਨੇਟਡ ਫਲੋਰ। ਹਾਈਵੇ 401, ਪਾਰਕ ਤੇ ਸਕੂਲ ਦੇ ਨੇੜੇ।

**BRAMPTON** (Mclaughlin / Steeles / Mavis)



ਸੋਹਣੇ ਤੇ ਸ਼ਾਨਦਾਰ ਡਿਟੈਚ ਘਰ ਨੂੰ ਬਹੁਤ ਸਾਰੀਆਂ ਅਪਗ੍ਰੇਡਜ਼। 2200 ਸਕੇਅਰ ਫੁਟ ਵਿੱਚ 4+1 ਬੈਡਰੂਮ ਤੇ 4 ਵਾਸ਼ਰੂਮ ਨੂੰ ਫਿਨੀਸ਼ਡ ਬੈਸਮੈਂਟ। ਸ਼ੈਰੀਡਨ ਕਾਲਜ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ। ਸੰਪਰਕ ਕਰੋ।

**BRAMPTON** (Wanless/Mclaughlin)



ਸ਼ਾਨਦਾਰ ਤੇ ਸਾਫ ਸੁਧਰਾ, 2016 ਵਿੱਚ ਬਣਿਆ 4364 ਸਕੇਅਰ ਫੁਟ ਦਾ ਡਿਟੈਚ ਘਰ 4 ਬੈਡਰੂਮ ਤੇ 5 ਵਾਸ਼ਰੂਮ ਤੇ ਨਾਲ ਹੀ ਫਿਨੀਸ਼ਡ ਬੈਸਮੈਂਟ ਜਿਸ ਨੂੰ ਸੇਪਰੈਟ ਏਂਨਟਰੈਂਸ। ਬਹੁਤ ਸਾਰੀਆਂ ਅਪਗ੍ਰੇਡਜ਼ ਤੇ ਹੋਰ ਵੀ ਬਹੁਤ ਕੁਝ।

**FREE**

- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC. REALTOR MLS MULTIPLE LISTING SERVICE

Ph:905-456-3232 **Based on units sold & commissions **Some conditions apply

*Seller & Jag Aujla Broker of RE/MAX Realty Specialist Inc. must agree on the terms & conditions, closing date and listing price at the time of listing. Guaranteed program only for peel region homes under $1 million price.

Call: **JAG AUJLA** Dir: **416-371-7777**

MCNE, Real Estate Broker

NOT INTENDED TO SOLICIT BUYERS OR SELLERS CURRENTLY UNDER CONTRACT







FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017